Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6


# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 116 Monday, June 22, 2020 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ


JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

# ਮਿਸੀਸਾਗਾ 'ਚ ਪੁਲਿਸ ਨੇ 62 ਸਾਲਾ ਵਿਅਕਤੀ ਨੂੰ ਮਾਰੀ ਗੋਲੀ

## ਪਰਿਵਾਰ ਵੱਲੋਂ ਜਨਤਕ ਜਾਂਚ ਦੀ ਮੰਗ





ਟੋਰਾਂਟੋ, 21 ਜੂਨ (ਪੋਸਟ ਬਿਊਰੋ) :ਕੱਲ੍ਹ ਰਾਤ ਮਾਲਟਨ ਵਿੱਚ ਪੁਲਿਸ ਵੱਲੋਂ ਗੋਲੀ ਮਾਰ ਕੇ ਮਾਰੇ ਗਏ ਵਿਅਕਤੀ ਦੀ ਪਛਾਣ 62 ਸਾਲਾ ਐਜਾਜ਼ ਚੌਧਰੀ ਵਜੋਂ ਕੀਤੀ ਗਈ ਹੈ। ਚਾਰ ਬੱਚਿਆਂ ਦੇ ਪਿਤਾ ਚੌਧਰੀ, ਨੂੰ ਕੱਲ੍ਹ ਰਾਤੀਂ 8:00 ਵਜੇ ਗੋਰਵੇਅ ਤੇ ਮੌਰਨਿੰਗ ਸਟਾਰ ਡਰਾਈਵਜ਼ ਇਲਾਕੇ ਵਿੱਚ ਇੱਕ ਰਿਹਾਇਸੀ ਅਪਾਰਟਮੈਂਟ ਵਿੱਚ ਗੋਲੀ ਮਾਰੀ ਗਈ। ਪੁਲਿਸ ਅਧਿਕਾਰੀਆਂ ਨੂੰ ਸ਼ਾਮੀਂ 5:00 ਵਜੇ ਇੱਕ ਵਿਅਕਤੀ ਦੇ ਸੰਕਟ ਵਿੱਚ ਹੋਣ ਦੀ ਖਬਰ ਦੇ ਕੇ ਸੱਦਿਆ ਗਿਆ। ਅੱਜ ਜਾਰੀ ਕੀਤੀ ਗਈ ਨਿਊਜ਼ ਰਲੀਜ਼ ਵਿੱਚ ਸਪੈਸ਼ਲ ਇਨਵੈਸਟੀਗੇਸ਼ਨ ਯੂਨਿਟ (ਐਸਆਈਯੂ) ਨੇ ਆਖਿਆ ਕਿ 62 ਸਾਲਾ ਇਸ ਵਿਅਕਤੀ ਨੇ ਖੁਦ ਨੂੰ ਰਿਹਾਇਸ਼ੀ ਇਮਾਰਤ ਦੇ ਇੱਕ ਫਲੈਟ ਵਿੱਚ ਬੰਦ ਕਰ ਲਿਆ ਸੀ। ਪੁਲਿਸ ਅਧਿਕਾਰੀਆਂ ਨੂੰ ਸੱਭ ਠੀਕ ਹੋਣ ਦੀ ਜਾਂਚ ਕਰਨ ਲਈ ਸੱਦਿਆ ਗਿਆ ਸੀ।

ਪੀਲ ਪੁਲਿਸ ਦੀ ਕਾਂਸਟੇਬਲ ਸਾਰਾਹ ਪੈਟਨ ਨੇ ਆਖਿਆ ਕਿ ਪੁਲਿਸ ਅਧਿਕਾਰੀਆਂ ਨੂੰ ਲੱਗਿਆ ਕਿ ਉਸ ਵਿਅਕਤੀ ਨੂੰ ਕੋਈ ਮੈਡੀਕਲ ਸਮੱਸਿਆ ਹੈ ਤੇ ਉਹ ਆਪਣੀ ਦਵਾਈ ਨਹੀਂ ਲੈ ਰਿਹਾ। ਉਨ੍ਹਾਂ ਨੂੰ ਇਹ ਵੀ ਲੱਗਿਆ ਕਿ ਉਸ ਦੇ ਘਰ ਵਿੱਚ ਮੌਜੂਦ ਹਥਿਆਰਾਂ ਤੱਕ ਉਸ ਦੀ ਪਹੁੰਚ ਸੀ। ਐਸਆਈਯੂ, ਜੋ ਕਿ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ, ਨੇ ਆਖਿਆ ਕਿ ਪੁਲਿਸ ਅਧਿਕਾਰੀ ਪਹਿਲਾਂ ਉਸ ਨਾਲ ਫਲੈਟ ਦੇ ਦਰਵਾਜ਼ੇ ਰਾਹੀ ਗੱਲ ਕਰ ਰਹੇ ਸਨ ਪਰ ਜਦੋਂ ਉਸ ਨੇ ਜਵਾਬ ਦੇਣਾ ਬੰਦ ਕਰ ਦਿੱਤਾ ਤਾਂ ਪੁਲਿਸ ਦਰਵਾਜ਼ਾ ਤੋੜ ਕੇ ਘਰ ਦੇ ਅੰਦਰ ਦਾਖਲ ਹੋਈ।

ਐਸਆਈਯੂ ਨੇ ਅੱਗੇ ਆਖਿਆ ਕਿ ਪੁਲਿਸ ਅਧਿਕਾਰੀਆਂ ਤੇ 62 ਸਾਲਾ ਵਿਅਕਤੀ ਦਰਮਿਆਨ ਗੱਲਬਾਤ ਹੋਈ, ਇਸ ਤੋਂ ਬਾਅਦ ਪੁਲਿਸ ਨੇ ਟੇਜ਼ਰ ਦੀ ਵਰਤੋਂ ਕੀਤੀ ਤੇ ਪਲਾਸਟਿਕ ਦੇ ਰੌਂਦ ਉਸ ਉੱਤੇ ਦਾਗੇ। ਐਸਆਈਯੂ ਅਨੁਸਾਰ ਇਨ੍ਹਾਂ ਰੌਂਦਾਂ ਤੇ ਟੇਜ਼ਰ ਦਾ ਉਸ ਵਿਅਕਤੀ ਉੱਤੇ ਕੋਈ ਅਸਰ ਨਹੀਂ ਹੋਇਆ ਤੇ ਫਿਰ ਪੁਲਿਸ ਅਧਿਕਾਰੀ ਨੇ ਕਈ ਗੋਲੀਆਂ ਚਲਾਈਆਂ। ਫਿਰ ਚੌਧਰੀ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿਤਾ ਗਿਆ।

ਇਸ ਤੋਂ ਬਾਅਦ ਮ੍ਰਿਤਕ ਦੇ ਭਤੀਜੇ ਨੇ ਆਖਿਆ ਕਿ ਇਸ ਘਟਨਾ ਦੀ ਵੀਡੀਓ ਵਿੱਚ ਨਜ਼ਰ ਆ ਰਿਹਾ ਹੈ ਕਿ ਪੁਲਿਸ ਅਧਿਕਾਰੀ ਪੌੜੀਆਂ ਚੜ੍ਹ ਕੇ ਉਸ ਦੇ ਚਾਚੇ ਦੀ ਬਾਲਕਨੀ ਵਿੱਚ ਪਹੁੰਚੇ ਤੇ ਫਿਰ ਉਨ੍ਹਾਂ ਪੈਰ ਮਾਰ ਕੇ ਦਰਵਾਜ਼ਾ ਖੋਲ੍ਹਿਆ। ਫਿਰ ਉਨ੍ਹਾਂ ਆਖਿਆ ਹਥਿਆਰ ਛੱਡ ਦਿਓ, ਜਿਵੇਂ ਹੀ ਉਨ੍ਹਾਂ ਇਹ ਆਖਿਆ ਉਸ ਦੇ ਨਾਲ ਹੀ ਉਨ੍ਹਾਂ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਹ ਕਿਹੋ ਜਿਹੀ ਗੱਲਬਾਤ ਹੈ। ਉਸ ਨੇ ਆਖਿਆ ਕਿ ਮਾਨਸਿਕ ਤੌਰ ਉੱਤੇ ਪਰੇਸ਼ਾਨ ਵਿਅਕਤੀ ਨਾਲ ਇਸ ਤਰ੍ਹਾਂ ਗੱਲ ਕੀਤੀ ਜਾਂਦੀ ਹੈ। ਅਸੀਂ ਤਾਂ ਪੁਲਿਸ ਨੂੰ ਆਪਣੀ ਮਦਦ ਲਈ ਸੱਦਿਆ ਸੀ ਪਰ ਉਨ੍ਹਾਂ ਨੇ ਤਾਂ ਹੋਰ ਹੀ ਕਾਰਾ ਕਰ ਦਿੱਤਾ। ਪਰਿਵਾਰ ਨੇ ਮੰਗ ਕੀਤੀ ਕਿ ਇਸ ਮਾਮਲੇ ਦੀ ਪਬਲਿਕ ਜਾਂਚ ਕਰਵਾਈ ਜਾਵੇ।

# ਓਟੂਲੇ ਵੱਲੋਂ ਡਾਟਾ ਚੋਰੀ ਕਰਨ ਦੇ ਲਾਏ ਦੋਸ਼ਾਂ ਤੋਂ ਮੈਕੇਅ ਦੀ ਟੀਮ ਨੇ ਕੀਤਾ ਇਨਕਾਰ



ਓਟਵਾ, 21 ਜੂਨ (ਪੋਸਟ ਬਿਊਰੋ) : ਕੰਜ਼ਰਵੇਟਿਵ ਲੀਡਰਸ਼ਿਪ ਦੌੜ ਦੇ ਦੋ ਮੁੱਖ ਦਾਅਵੇਦਾਰਾਂ ਦਰਮਿਆਨ ਤਣਾਅ ਉਸ ਸਮੇਂ ਹੋਰ ਵੱਧ ਗਿਆ ਜਦੋਂ ਇਸ ਵੀਕੈਂਡ ਐਰਿਨ ਓਟੂਲੇ ਵੱਲੋਂ ਆਪਣੇ ਮੁੱਖ ਵਿਰੋਧੀ ਪੀਟਰ ਮੈਕੇਅ ਉੱਤੇ ਕੈਂਪੇਨ ਦਾ ਗੁਪਤ ਡਾਟਾ ਚੋਰੀ ਕਰਨ ਦੇ ਦੋਸ਼ ਲਾਏ ਗਏ। ਦੂਜੇ ਪਾਸੇ ਮੈਕੇਅ ਦੀ ਟੀਮ ਵੱਲੋਂ ਇਸ ਨੂੰ ਸਿਆਸੀ ਹਥਕੰਢੇ ਦੱਸ ਕੇ ਅਜਿਹੇ ਦੋਸ਼ਾਂ ਤੋਂ ਇਨਕਾਰ ਕੀਤਾ ਗਿਆ ਹੈ। ਓਟੂਲੇ ਦੀ ਕੈਂਪੇਨ ਵੱਲੋਂ ਵੀਕੈਂਡ ਉੱਤੇ ਦੇਰ ਰਾਤ ਜਾਰੀ ਕੀਤੀ ਗਈ ਪ੍ਰੈਸ ਰਲੀਜ਼ ਵਿੱਚ ਆਖਿਆ ਗਿਆ ਕਿ ਉਨ੍ਹਾਂ ਵੱਲੋਂ ਇਸ ਮਾਮਲੇ ਦੀ ਜਾਂਚ ਲਈ ਤਿੰਨ ਪੁਲਿਸ ਏਜੰਸੀਆਂ ਕੋਲ ਰਸਮੀ ਸ਼ਿਕਾਇਤ ਕੀਤੀ ਗਈ ਹੈ। ਇਸ ਸ਼ਿਕਾਇਤ ਵਿੱਚ ਕੈਂਪੇਨ ਸਬੰਧੀ ਗੁਪਤ ਜਾਣਕਾਰੀ ਤੇ ਰਣਨੀਤੀਗਤ ਡਾਟਾ ਚੋਰੀ ਕਰਨ ਦਾ ਦੋਸ਼ ਮੈਕੇਅ ਦੀ ਟੀਮ ਉੱਤੇ ਲਾਇਆ ਗਿਆ ਹੈ। ਇਹ ਵੀ ਆਖਿਆ ਗਿਆ ਕਿ ਓਟੂਲੇ ਦੀ ਟੀਮ ਦੇ ਸਿਸਟਮਜ਼ ਨੂੰ ਇਸ ਹਫਤੇ ਦੇ ਸ਼ੁਰੂ ਵਿੱਚ ਹੈਕ ਕਰ ਲਿਆ ਗਿਆ ਸੀ।

ਇਸ ਸਬੰਧੀ ਕਰਵਾਈ ਗਈ ਅੰਤਰਿਮ ਜਾਂਚ ਦੇ ਨਾ ਹੀ ਕੋਈ ਸਬੂਤ ਤੇ ਨਾ ਹੀ ਇਸ ਜਾਂਚ ਦੀਆਂ ਲੱਭਤਾਂ ਹੀ ਮੁਹੱਈਆ ਕਰਵਾਈਆਂ ਗਈਆਂ ਹਨ। ਇਸ ਤੋਂ ਇਲਾਵਾ ਨਾ ਹੀ ਇਹ ਦੱਸਿਆ ਗਿਆ ਕਿ ਜਾਂਚ ਕਿਸ ਤਰ੍ਹਾਂ ਕਰਵਾਈ ਗਈ। ਮੈਕੇਅ ਦੀ ਟੀਮ ਵੱਲੋਂ ਇਸ ਤਰ੍ਹਾਂ ਦੇ ਦੋਸਾਂ ਤੋਂ ਸਾਫ ਇਨਕਾਰ ਕੀਤਾ ਜਾ ਰਿਹਾ ਹੈ।

# ਹੁਆਵੇਈ ਦੇ 5ਜੀ ਨੈੱਟਵਰਕ ਨੂੰ ਅਪਨਾਉਣ ਲਈ ਕੈਨੇਡਾ ਉੱਤੇ ਦਬਾਅ ਪਾ ਰਿਹਾ ਹੈ ਚੀਨ : ਬੈਂਸ




ਓਟਵਾ, 21 ਜੂਨ (ਪੋਸਟ ਬਿਊਰੋ) : ਇਨੋਵੇਸ਼ਨ ਮੰਤਰੀ ਨਵਦੀਪ ਬੈਂਸ ਨੇ ਦੱਸਿਆ ਕਿ ਚੀਨ ਵੱਲੋਂ ਕੈਨੇਡਾ ਉੱਤੇ ਉਸ ਦੇ ਹੁਆਵੇਈ ਦੇ 5ਜੀ ਨੈੱਟਵਰਕ ਨੂੰ ਅਪਨਾਉਣ ਲਈ ਦਬਾਅ ਪਾਇਆ ਜਾ ਰਿਹਾ ਹੈ। ਫਾਈਵ ਆਈਜ਼ ਦੇਸ਼ਾਂ ਵਿਚੋਂ ਸਿਰਫ ਕੈਨੇਡਾ ਹੀ ਅਜਿਹਾ ਬਚਿਆ ਹੈ ਜਿਸ ਨੇ ਅਜੇ ਤੱਕ ਇਸ ਸਬੰਧ ਵਿੱਚ ਕੋਈ ਫੈਸਲਾ ਨਹੀਂ ਕੀਤਾ ਹੈ।

ਗਲੋਬਲ ਇੰਟੈਲੀਜੈਂਸ ਅਲਾਇੰਸ ਦੇ ਚਾਰ ਹੋਰਨਾਂ ਮੈਂਬਰਾਂ-ਆਸਟਰੇਲੀਆ, ਅਮਰੀਕਾ, ਨਿਊਜ਼ੀਲੈਂਡ ਤੇ ਯੂਨਾਈਟਿਡ ਕਿੰਗਡਮ ਵੱਲੋਂ ਪਹਿਲਾਂ ਹੀ ਇਹ ਸੰਕੇਤ ਦਿੱਤੇ ਜਾ ਚੁੱਕੇ ਹਨ ਕਿ ਜਾਂ ਤਾਂ ਉਹ ਚੀਨ ਦੀ ਹੁਆਵੇਈ ਤਕਨਾਲੋਜੀ ਉੱਤੇ ਪਾਬੰਦੀ ਲਾ ਦੇਣਗੇ ਤੇ ਜਾਂ ਫਿਰ ਕਿਸੇ ਹੱਦ ਤੱਕ ਇਸ ਨੂੰ ਲਾਗੂ ਕਰ ਦੇਣਗੇ। ਇੱਕ ਇੰਟਰਵਿਊ ਵਿੱਚ ਬੈਂਸ ਨੇ ਆਖਿਆ ਕਿ ਇਹ ਸਪਸ਼ਟ ਹੋ ਚੁੱਕਿਆ ਹੈ ਕਿ ਉਹ ਸਾਡੇ ਉੱਤੇ ਦਬਾਅ ਬਣਾ ਰਹੇ ਹਨ। ਉਨ੍ਹਾਂ ਨੂੰ ਇਹ ਸਮਝ ਆ ਚੁੱਕੀ ਹੈ ਕਿ ਉਨ੍ਹਾਂ ਨੂੰ ਇਸ ਤਕਨਾਲੋਜੀ ਨਾਲ ਅੱਗੇ ਵਧਣਾ ਹੈ। ਪਰ ਇਹ ਜੀਓਪੁਲੀਟਿਕਲ (ਗਏਪੋਲਟਿਚਿਅਲ) ਸੰਦਰਭ ਵਿੱਚ ਕਾਫੀ ਅਹਿਮ ਮਾਮਲਾ ਹੈ। ਇਸ ਲਈ ਸਾਨੂੰ ਕਈ ਤਰ੍ਹਾਂ ਦੇ ਪੱਖਾਂ ਨੂੰ ਧਿਆਨ ਵਿੱਚ ਰੱਖ ਕੇ ਚੱਲਣਾ ਪੈ ਰਿਹਾ ਹੈ।

ਉਨ੍ਹਾਂ ਆਖਿਆ ਕਿ 5ਜੀ ਟੈਲੀਕੌਮ ਇਨਫਰਾਸਟ੍ਰਕਚਰ ਕਿਸ ਵੱਲੋਂ ਮੁਹੱਈਆ ਕਰਵਾਇਆ ਜਾ ਰਿਹਾ ਹੈ ਇਸ ਬਾਰੇ ਲਿਬਰਲ ਸਰਕਾਰ ਇਹ ਸਪਸ਼ਟ ਕਰ ਚੁੱਕੀ ਹੈ ਕਿ ਕੈਨੇਡੀਅਨਾਂ ਦੀ ਸਕਿਊਰਿਟੀ ਤੋਂ ਵੱਧ ਕੇ ਹੋਰ ਕੁੱਝ ਅਹਿਮ ਨਹੀਂ ਹੈ। ਬੈਂਸ ਨੇ ਆਖਿਆ ਕਿ ਇਸ ਮਾਮਲੇ ਵਿੱਚ ਕੈਨੇਡਾ ਹੋਰਨਾਂ ਮੁਲਕਾਂ ਦੀ ਧੱਕੇਸ਼ਾਹੀ ਜਾਂ ਦਬਾਅ ਬਰਦਾਸ਼ਤ ਨਹੀਂ ਕਰੇਗਾ। ਅਸੀਂ ਆਜ਼ਾਦ ਤੇ ਖੁਦਮੁਖ਼ਤਿਆਰ ਦੇਸ਼ ਹਾਂ। ਅਸੀਂ ਆਪਣੀਆਂ ਸ਼ਰਤਾਂ ਉੱਤੇ ਤੈਅ ਕਰਾਂਗੇ ਕਿ ਅਸੀਂ ਕਦੋਂ ਇਸ ਸਬੰਧ ਵਿੱਚ ਫੈਸਲਾ ਕਰਨਾ ਹੈ ਤੇ ਇਸ ਬਾਰੇ ਕੈਨੇਡੀਅਨਾਂ ਨੂੰ ਸਾਫ ਸਾਫ ਦੱਸਾਂਗੇ।

# ਮਿਨੀਆਪੋਲਿਸ ਵਿੱਚ ਚੱਲੀ ਗੋਲੀ, 1 ਹਲਾਕ 11 ਜ਼ਖ਼ਮੀ



ਮਿਨੀਆਪੋਲਿਸ, 21 ਜੂਨ (ਪੋਸਟ ਬਿਊਰੋ) : ਮਿਨੀਆਪੋਲਿਸ ਦੇ ਇੱਕ ਮਸ਼ਹੂਰ ਇਲਾਕੇ ਵਿੱਚ ਐਤਵਾਰ ਤੜ੍ਹਕੇ ਚੱਲੀ ਗੋਲੀ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਤੇ 11 ਹੋਰ ਜ਼ਖ਼ਮੀ ਹੋ ਗਏ। ਇਸ ਗੋਲੀਕਾਂਡ ਤੋਂ ਬਾਅਦ ਮਚੀ ਭਗਦੜ ਮਗਰੋਂ ਲੋਕਾਂ ਨੂੰ ਰੈਸਟੋਰੈਂਟਸ ਤੇ ਹੋਰਨਾਂ ਕਾਰੋਬਾਰੀ ਅਦਾਰਿਆਂ ਵਿੱਚ ਲੁਕ ਕੇ ਆਪਣੀ ਜਾਨ ਬਚਾਉਣੀ ਪਈ।

ਸ਼ਹਿਰ ਦੇ ਇਸ ਇਲਾਕੇ ਵਿੱਚ ਜਿੱਥੇ ਨਾਈਟ ਕਲੱਬ, ਬਾਰਜ, ਰੈਸਟੋਰੈਂਟਸ ਤੋਂ ਇਲਾਵਾ ਐਪਲ ਤੇ ਫਿਐਲਰਾਵੇਨ ਵਰਗੀਆਂ ਕੰਪਨੀਆਂ ਦੇ ਸਟੋਰਜ਼ ਵੀ ਹਨ, ਅੱਧੀ ਰਾਤ ਤੋਂ ਬਾਅਦ ਗੋਲੀ ਚੱਲੀ। ਪਹਿਲਾਂ ਪੁਲਿਸ ਨੇ ਦੱਸਿਆ ਕਿ 10 ਲੋਕਾਂ ਨੂੰ ਗੋਲੀ ਲੱਗੀ ਪਰ ਬਾਅਦ ਵਿੱਚ ਆਪਣੀ ਰਿਪੋਰਟ ਨੂੰ ਸੁਧਾਰ ਕੇ ਟਵੀਟ ਕੀਤਾ। ਜਿਹੜਾ ਵਿਅਕਤੀ ਮਾਰਿਆਂ ਗਿਆ ਉਸ ਦੀ ਮੌਕੇ ਉੱਤੇ ਨਹੀ ਸਗੋਂ ਹਸਪਤਾਲ ਪਹੁੰਚ ਕੇ ਮੌਤ ਹੋਈ। ਹੋਰ ਕੋਈ ਵੀ ਗੰਭੀਰ ਜ਼ਖ਼ਮੀ ਨਹੀਂ ਹੋਇਆ।

ਪੁਲਿਸ ਨੇ ਦੱਸਿਆ ਕਿ ਸ਼ੂਟਰ ਇੱਕ ਤੋਂ ਵਧੇਰੇ ਸਨ ਤੇ ਸਾਰੇ ਹੀ ਪੈਦਲ ਇਸ ਕਾਰੇ ਨੂੰ ਅੰਜਾਮ ਦੇ ਕੇ ਫਰਾਰ ਹੋਏ। ਅਜੇ ਤੱਕ ਕਿਸੇ ਨੂੰ ਹਿਰਾਸਤ ਵਿੱਚ ਨਹੀਂ ਲਿਆ ਗਿਆ ਹੈ। ਪੁਲਿਸ ਨੇ ਇਸ ਗੱਲ ਦਾ ਵੀ ਖੁਲਾਸਾ ਨਹੀ ਕੀਤਾ ਕਿ ਇਹ ਗੋਲੀਕਾਂਡ ਕਿਉਂ ਵਾਪਰਿਆ। ਜਿੰਨੇ ਲੋਕ ਵੀ ਇਸ ਘਟਨਾ ਵਿੱਚ ਜਖਮੀ ਹੋਏ ਬਾਲਗ ਹੀ ਸਨ। ਇਸ ਦੌਰਾਨ ਇੱਕ ਪ੍ਰੈੱਸ ਕਾਨਫਰੰਸ ਵਿੱਚ ਮਿਨੀਆਪੋਲਿਸ ਦੇ ਪੁਲਿਸ ਮੁਖੀ ਮੇਡਾਰੀਆ ਐਰਾਡੌਂਡੋ ਨੇ ਆਖਿਆ ਕਿ ਇਹ ਘਟਨਾ ਬਹੁਤ ਹੀ ਦੁਖਦਾਈ ਹੈ। ਇਸ ਤਰ੍ਹਾਂ ਦੀਆਂ ਹਿੰਸਕ ਘਟਨਾਵਾਂ ਲੋਕਾਂ ਲਈ ਹੈਲਥ ਕ੍ਰਾਈਸਿਸ ਹਨ। ਉਨ੍ਹਾਂ ਮਸ਼ਕੂਕਾਂ ਨੂੰ ਜਲਦ ਫੜ੍ਹਨ ਦਾ ਭਰੋਸਾ ਦਿਵਾਇਆ।

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI
416.994.7272
www.allkindinsurance.com

INSURANCE
Home
Business
Life Insurance
Auto
Trucking
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.0000
Tico # 50021780
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

You can Place Your Business Here (905)793-2202 To Reach Wider Audience

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

ਨਵਾਂ ਘਾਹ ਲਵਾਉ
647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets
Legal Basement
Completly Furnished
Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley
905-362-0755

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats
Cockroaches
Spiders & Fleas
Carpenter Ants
Bedbugs
Silver Fish
Wasps
Racoons
Call : PARESH PATEL
416 938 4598







**FRESH & LARGE VARIETY**
**Bread , Derry & Eggs**
**Branded Foods**
**Fruits & Vegetables**
**Beverages & Confectionery**
**Grocery & Staples**
**Sweet & Samosas**

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

# ਭਾਰਤ ਸਰਕਾਰ ਵੱਲੋਂ ਸਰਹੱਦਾਂ ਉੱਤੇ ਕਮਾਂਡਰਾਂ ਨੂੰ ਮੌਕੇ ਮੁਤਾਬਕ ਸਿੱਝਣ ਦੀ ਖੁੱਲ੍ਹੀ ਛੁੱਟੀ

## * ਚੀਨ ਨਾਲ ਤਨਾਅ ਕਾਰਨ ਨਿਯਮ ਬਦਲ ਦਿੱਤੇ ਗਏ



ਨਵੀਂ ਦਿੱਲੀ, 21 ਜੂਨ, (ਪੋਸਟ ਬਿਊਰੋ)- ਭਾਰਤ-ਚੀਨ ਅਸਲੀ ਕੰਟਰੋਲ ਰੇਖਾ ਉੱਤੇ ਬੀਤੀ 15 ਅਤੇ 16 ਜੂਨ ਦੀ ਰਾਤ ਨੂੰ ਪੂਰਬੀ ਲੱਦਾਖ ਦੀ ਗਲਵਾਨ ਘਾਟੀ ਵਿੱਚ ਦੋਵਾਂ ਦੇਸ਼ਾਂ ਦੀਆਂ ਚੀਨੀ ਫੌਜਾਂ ਦੀ ਹਿੰਸਕ ਝੜਪ ਵਿੱਚ ਭਾਰਤੀ ਫੌਜ ਦੇ 20 ਜਵਾਨ ਮਾਰੇ ਜਾਣ ਪਿੱਛੋਂ ਰੂਲਜ਼ ਆਫ਼ ਇੰਗੇਜਮੈਂਟ (ਆਰ ਓ ਈ) ਦੇ ਕੁਝ ਨਿਯਮਾਂ ਵਿੱਚ ਮਹੱਤਵ ਪੂਰਨ ਬਦਲਾਅ ਕੀਤੇ ਗਏ ਹਨ। ਇਸ ਝੜਪ ਦੇ ਬਾਅਦ ਅੱਗੇ ਤੋਂ ਅਸਲ ਕੰਟਰੋਲ ਰੇਖਾ (ਐੱਲ ਏ ਸੀ) ਉਤਲੇ ਕਮਾਂਡਰਜ਼ ਨੂੰ ਮੌਕੇ ਮੁਤਾਬਕ ਵਰਤਣ ਦੀ ਪੂਰੀ ਖੁੱਲ੍ਹ ਦੇ ਦਿੱਤੀ ਗਈ ਹੈ ਤਾਂ ਕਿ ਉਹ ਸਥਿਤੀ ਨੂੰ ਸੰਭਾਲ ਸਕਣ।

ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਭਵਿੱਖ ਵਿੱਚ ਹਥਿਆਰਾਂ ਦੀ ਵਰਤੋਂ ਬਾਰੇ ਭਾਰਤੀ ਫੌਜਾਂ ਦੇ ਸਰਹੱਦੀ ਕਮਾਂਡਰ ਪਾਬੰਦੀਆਂ ਹੇਠ ਨਹੀਂ ਹੋਣਗੇ ਅਤੇ ਉਨ੍ਹਾਂ ਨੂੰ ਹਰ ਕਿਸਮ ਦੀ ਹਾਲਾਤ ਮੁਤਾਬਕ ਦੁਸ਼ਮਣ ਨੂੰ ਜਵਾਬ ਦੇਣ ਦਾ ਪੂਰਾ ਅਧਿਕਾਰ ਹੋਵੇਗਾ। ਉਹ ਖਾਸ ਸਥਿਤੀਆਂ ਨਾਲ ਸਿੱਝਣ ਲਈ ਸਾਰੇ ਸਰੋਤਾਂ ਦੀ ਵਰਤੋਂ ਕਰਨ ਸਕਣਗੇ। ਕਰੀਬ 45 ਸਾਲਾਂ ਬਾਅਦ ਗਲਵਾਨ ਘਾਟੀ ਵਿੱਚ ਭਾਰਤ-ਚੀਨੀ ਫੌਜਾਂ ਵਿਚਾਲੇ ਹੋਈ ਹਿੰਸਕ ਝੜਪ ਤੋਂ ਬਾਅਦ ਆਰ ਓ ਈ ਨਿਯਮਾਂ ਵਿੱਚ ਇਹ ਨਵੀਂ ਅਤੇ ਵੱਡੀ ਸੋਧ ਕੀਤੀ ਗਈ ਹੈ। ਵਰਨਣ ਯੋਗ ਹੈ ਕਿ ਭਾਰਤ ਚੀਨ ਵਿਵਾਦ ਬਾਰੇ ਪਿਛਲੇ ਸ਼ੁਕਰਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਰਬ ਪਾਰਟੀ ਬੈਠਕ ਬੁਲਾਈ ਸੀ, ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਸਰਹੱਦ ਉੱਤੇ ਫੌਜ ਨੂੰ ਜ਼ਰੂਰੀ ਕਦਮ ਚੁੱਕਣ ਦੀ ਖੁੱਲ੍ਹ ਦੇ ਦਿੱਤੀ ਗਈ ਹੈ। ਇਸ ਮੀਟਿੰਗ ਦੇ ਬਾਅਦ ਦੀ ਤਬਦੀਲੀ ਬਾਰੇ ਇੱਕ ਅਧਿਕਾਰੀ ਨੇ ਦੱਸਿਆ ਕਿ ਨਿਯਮਾਂ ਦੀ ਸੋਧ ਪਿੱਛੋਂ ਭਾਰਤ ਦੇ ਸਰਹੱਦੀ ਕਮਾਂਡਰਾਂ ਦੀ ਸਮਰੱਥਾ ਨੂੰ ਰੋਕਣ ਵਾਲਾ ਕੋਈ ਵੀ ਅੜਿੱਕਾ ਨਹੀਂ ਰਿਹਾ।

# ਭਾਰਤ ਦੇ ਗੋਰਖਾ ਫੌਜੀਆਂ ਨੂੰ ਨੇਪਾਲੀ ਲੀਡਰਾਂ ਦਾ ਸੱਦਾ: ਚੀਨ ਦੇ ਖਿਲਾਫ ਨਾ ਲੜਿਓ

ਕਾਠਮੰਡੂ, 21 ਜੂਨ, (ਪੋਸਟ ਬਿਊਰੋ)- ਭਾਰਤ-ਚੀਨ ਤਨਾਅ ਦੇ ਦੌਰਾਨ ਭਾਰਤ ਦੇ ਗੁਆਂਢੀ ਦੇਸ਼ ਵਿਚ ਚੀਨ ਪੱਖੀ ਰੌਂਅ ਵਧਦਾ ਜਾ ਰਿਹਾ ਹੈ। ਪਹਿਲਾਂ ਨੇਪਾਲ ਦੀ ਹਾਕਮ ਪਾਰਟੀ ਦੇ ਆਗੂਆਂ ਨੇ ਚੀਨੀ ਕਮਿਊਨਿਸਟ ਪਾਰਟੀ ਨਾਲ ਬੈਠਕ ਕੀਤੀ ਤੇ ਫਿਰ ਉਸ ਦੇਸ਼ ਵਿਚੋਂ ਮੰਗ ਉੱਠ ਪਈ ਹੈ ਕਿ ਨੇਪਾਲੀ ਗੋਰਖੇ ਨਾਗਰਿਕ ਭਾਰਤੀ ਫੌਜ ਵਿਚ ਨਾ ਜਾਣ। ਇੱਕ ਨੇਪਾਲੀ ਪਾਰਟੀ ਨੇ ਸੱਦਾ ਦੇ ਦਿੱਤਾ ਹੈ ਕਿ ਗੋਰਖਾ ਨਾਗਰਿਕ ਭਾਰਤ ਵੱਲੋਂ ਚੀਨ ਦੇ ਖਿਲਾਫ ਲੜਾਈ ਨਾ ਲੜਨ।

ਨੇਪਾਲ ਵਿੱਚ ਪਾਬੰਦੀ ਸ਼ੁਦਾ ਕਮਿਊਨਿਸਟ ਪਾਰਟੀ ਆਫ ਨੇਪਾਲ ਦੇ ਨੇਤਾ ਬਿਕਰਮ ਚੰਦ ਨੇ ਰਾਜਧਾਨੀ ਕਾਠਮੰਡੂ ਵਿਚ ਆਪਣੇ ਦੇਸ਼ ਦੀ ਲੀਡਰਸ਼ਿਪ ਨੂੰ ਅਪੀਲ ਕੀਤੀ ਹੈ ਕਿ ਗੋਰਖਾ ਨਾਗਰਿਕਾਂ ਨੂੰ ਭਾਰਤੀ ਫੌਜ ਵਿੱਚ ਸ਼ਾਮਲ ਹੋਣੋਂ ਰੋਕ ਦਿੱਤਾ ਜਾਵੇ। ਇਸ ਪਾਰਟੀ ਦੀ ਤਾਜ਼ਾ ਪ੍ਰੈੱਸ ਰਿਲੀਜ਼ ਮੁਤਾਬਕ ਗਲਵਾਨ ਘਾਟੀ ਵਿਚ ਭਾਰਤੀ ਜਵਾਨਾਂ ਦੇ ਮਾਰੇ ਜਾਣ ਪਿੱਛੋਂ ਭਾਰਤ ਤੇ ਚੀਨ ਵਿਚ ਵਧਦੇ ਤਣਾਅ ਦੌਰਾਨ ਭਾਰਤ ਨੇ ਗੋਰਖਾ ਰੈਜੀਮੈਂਟ ਦੇ ਨੇਪਾਲੀ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀਆਂ ਛੁੱਟੀਆਂ ਰੱਦ ਕਰਕੇ ਡਿਊਟੀ ਉੱਤੇ ਵਾਪਸ ਆਉਣ। ਇਸ ਦਾ ਅਰਥ ਹੈ ਕਿ ਭਾਰਤ ਨੇਪਾਲੀ ਨਾਗਰਿਕਾਂ ਨੂੰ ਚੀਨ ਦੇ ਖਿਲਾਫ ਫੌਜ ਵਿਚ ਵਰਤਣਾ ਚਾਹੁੰਦਾ ਹੈ। ਇਸ ਬਿਆਨ ਵਿਚ ਕਿਹਾ ਗਿਆ ਹੈ ਕਿ ਗੋਰਖਾ ਫੌਜੀਆਂ ਨੂੰ ਭਾਰਤ ਵੱਲੋਂ ਤਾਇਨਾਤ ਕੀਤਾ ਜਾਣਾ ਨੇਪਾਲ ਦੀ ਵਿਦੇਸ਼ ਨੀਤੀ ਦੇ ਖਿਲਾਫ ਹੈ। ਨੇਪਾਲ ਆਜ਼ਾਦ ਦੇਸ਼ ਹੈ ਤੇ ਇਕ ਦੇਸ਼ ਦੀ ਫੌਜ ਵਿਚ ਕੰਮ ਕਰਦੇ ਨੌਜਵਾਨਾਂ ਦੀ ਵਰਤੋਂ ਦੂਜੇ ਦੇਸ਼ ਖਿਲਾਫ ਨਹੀਂ ਕੀਤੀ ਜਾਣੀ ਚਾਹੀਦੀ। ਸੱਦਾ ਦੇਣ ਵਾਲੀ ਇਹ ਪਾਰਟੀ ਭਾਵੇਂ ਅੰਡਰ ਗਰਾਊਂਡ ਹੈ, ਪਰ ਵੱਖਵਾਦੀਆਂ ਵਿਚਾਲੇ ਇਸ ਪਾਰਟੀ ਨੂੰ ਕਾਫੀ ਸਮਰਥਨ ਮਿਲਦਾ ਹੈ।

ਸੰਸਾਰ ਭਰ ਵਿੱਚ ਫੌਜਾਂ ਵਿੱਚ ਗੋਰਖਾ ਫੌਜੀਆਂ ਦਾ ਇਕ ਵੱਖਰਾ ਮਹੱਤਵ ਹੈ। ਭਾਰਤ ਵਿਚ ਪਹਾੜੀ ਖੇਤਰਾਂ ਉੱਤੇ ਬਹੁਤਾ ਕਰ ਕੇ ਗੋਰਖਾ ਜਵਾਨ ਤਾਇਨਾਤ ਰਹਿੰਦੇ ਹਨ। ਗੋਰਖਾ ਫੌਜੀਆਂ ਦੇ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਪਹਾੜਾਂ ਉੱਤੇ ਉਨ੍ਹਾਂ ਤੋਂ ਵਧੀਆ ਲੜਾਈ ਕੋਈ ਹੋਰ ਨਹੀਂ ਲੜ ਸਕਦਾ ਹੈ। ਨੇਪਾਲੀ ਗੋਰਖੇ ਭਾਰਤ ਵਿੱਚ ਹੀ ਨਹੀਂ, ਉਹ ਬ੍ਰਿਟੇਨ ਦੀ ਫੌਜ ਵਿਚ ਭਰਤੀ ਹੁੰਦੇ ਹਨ। ਪਿੱਛੇ ਜਿਹੇ ਭਾਰਤ ਦੀ ਫੌਜੀ ਅਕਾਡਮੀ (ਆਈ ਐੱਮ ਏ) ਨੇ 3 ਨੇਪਾਲੀ ਨਾਗਰਿਕਾਂ ਨੂੰ ਟ੍ਰੇਨਿੰਗ ਪੂਰੀ ਹੋਣ ਤੋਂ ਬਾਅਦ ਕਮਿਸ਼ਨਡ ਅਫਸਰ ਬਣਾਇਆ ਗਿਆ ਹੈ।

# ਰਾਹੁਲ ਗਾਂਧੀ ਨੇ ਨਰਿੰਦਰ ਮੋਦੀ ਨੂੰ 'ਸਰੈਂਡਰ ਮੋਦੀ' ਕਹਿ ਦਿੱਤਾ



ਨਵੀਂ ਦਿੱਲੀ, 21 ਜੂਨ, (ਪੋਸਟ ਬਿਊਰੋ)- ਕਾਂਗਰਸ ਪਾਰਟੀ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉੱਤੇ ਚੀਨੀ ਹਮਲੇ ਦੇ ਵਕਤ ਕਮਜ਼ੋਰੀ ਵਿਖਾਉਣ ਦਾ ਦੋਸ਼ ਲਾਉਣ ਤੋਂ ਅਗਲੇ ਦਿਨ ਇਸ ਪਾਰਟੀ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਟਵੀਟ ਕਰ ਕੇ ਕਹਿ ਦਿੱਤਾ ਹੈ, 'ਨਰਿੰਦਰ ਮੋਦੀ ਅਸਲ ਵਿੱਚ ਸੁਰੇਂਦਰ ਮੋਦੀ ਹਨ।' ਅਸਲ ਵਿੱਚ ਰਾਹੁਲ ਗਾਂਧੀ ਅੰਗਰੇਜ਼ੀ ਵਿੱਚ 'ਸਰੈਂਡਰ' ਲਿਖਣਾ ਚਾਹੁੰਦੇ ਹੋਣਗੇ, ਪਰ ਉਹ ਗਲਤੀ ਨਾਲ 'ਸੁਰੇਂਦਰ' ਲਿਖ ਗਏ ਜਾਪਦੇ ਹਨ।

ਇਸ ਦੌਰਾਨ ਰਾਹੁਲ ਗਾਂਧੀ ਨੇ ਇਕ ਹੋਰ ਟਵੀਟ ਵਿੱਚ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਦਾਅਵਾ ਹੈ ਕਿ ਭਾਰਤ ਦੀ ਹੱਦ ਵਿੱਚ ਕੋਈ ਘੁਸਪੈਠ ਨਹੀਂ ਹੋਈ, ਪਰ ਸੈਟੇਲਾਈਟ ਤੋਂ ਲਈਆਂ ਤਸਵੀਰਾਂ ਦੱਸਦੀਆਂ ਹਨ ਕਿ ਲੱਦਾਖ ਵਿੱਚ ਪੈਂਗੋਂਗ ਤਸੋ ਝੀਲ ਦੇ ਕੋਲ ਚੀਨ ਦੀ ਫ਼ੌਜ ਨੇ ਕਬਜ਼ਾ ਕਰ ਲਿਆ ਹੈ।

ਅੱਜ ਐਤਵਾਰ ਨੂੰ ਰਾਹੁਲ ਗਾਂਧੀ ਨੇ ਵਿਦੇਸ਼ੀ ਪਬਲੀਕੇਸ਼ਨ ਵਾਲੇ ਹਵਾਲੇ ਨੂੰ ਟੈਗ ਕਰ ਕੇ ਕਿਹਾ ਕਿ ਪ੍ਰਧਾਨ ਮੰਤਰੀ ਕਹਿ ਚੁੱਕੇ ਹਨ ਕਿ ਦੇਸ਼ ਵਿੱਚ ਕੋਈ ਘੁਸਪੈਠ ਨਹੀਂ ਹੋਈ ਤੇ ਨਾ ਕਿਸੇ ਨੇ ਭਾਰਤੀ ਜ਼ਮੀਨ ਉੱਤੇ ਕਬਜ਼ਾ ਕੀਤਾ ਹੈ। ਉਨ੍ਹਾਂ ਹਿੰਦੀ ਵਿੱਚ ਲਿਖੇ ਇਕ ਟਵੀਟ ਵਿੱਚ ਕਿਹਾ ਕਿ ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੇ ਖੇਤਰ ਵਿੱਚ ਨਾ ਕਿਸੇ ਨੇ ਘੁਸਪੈਠ ਕੀਤੀ ਤੇ ਨਾ ਭਾਰਤੀ ਜ਼ਮੀਨ ਦੇ ਕਿਸੇ ਟੁਕੜੇ ਉੱਤੇ ਚੀਨ ਦਾ ਕਬਜ਼ਾ ਕੀਤਾ ਹੈ। ਰਾਹੁਲ ਨੇ ਆਪਣੇ ਟਵੀਟ ਦੇ ਨਾਲ ਇਸ ਖੇਤਰ ਦਾ ਸੈਟੇਲਾਈਟ ਇਮੇਜ਼ ਵੀ ਟੈਗ ਕੀਤਾ ਹੈ।

ਇਸ ਦੇ ਬਾਅਦ ਰਾਹੁਲ ਗਾਂਧੀ ਦੇ ਬਿਆਨ ਉੱਤੇ ਹਮਲਾਵਰ ਹੋ ਗਈ ਹੈ। ਰਾਹੁਲ ਗਾਂਧੀ ਦੇ ਬਿਆਨ ਦਾ ਜਵਾਬ ਦਿੰਦੇ ਹੋਏ ਭਾਜਪਾ ਨੇ ਕਿਹਾ ਹੈ ਕਿ ਰਾਹੁਲ ਜਿਸ ਭਾਸ਼ਾ ਦੀ ਵਰਤੋਂ ਕਰਦੇ ਹਨ, ਉਹ ਤਾਂ ਦੁਸ਼ਮਣ ਦੇਸ਼ ਦੇ ਨੇਤਾ ਵੀ ਨਹੀਂ ਵਰਤਦੇ। ਉਨ੍ਹਾਂ ਨੂੰ ਆਪਣੇ ਬਿਆਨ ਲਈ ਮੁਆਫੀ ਮੰਗਣੀ ਚਾਹੀਦੀ ਹੈ। ਭਾਜਪਾ ਨੇ ਕਿਹਾ ਕਿ ਰਾਹੁਲ ਗਾਂਧੀ ਸਾਰੀ ਮਾਣ-ਮਰਿਆਦਾ ਨੂੰ ਤੋੜ ਰਹੇ ਹਨ। ਭਾਜਪਾ ਨੇਤਾ ਸ਼ਾਹਨਵਾਜ਼ ਹੁਸੈਨ ਨੇ ਕਿਹਾ ਕਿ ਦੁਸ਼ਮਣ ਦੇਸ਼ ਵੀ ਭਾਰਤ ਦੇ ਪ੍ਰਧਾਨ ਮੰਤਰੀ ਲਈ ਅਜਿਹੇ ਅਪਮਾਨ ਜਨਕ ਸ਼ਬਦਾਂ ਦੀ ਵਰਤੋਂ ਨਹੀਂ ਕਰਦੇ, ਜਿਵੇਂ ਰਾਹੁਲ ਗਾਂਧੀ ਪ੍ਰਧਾਨ ਮੰਤਰੀ ਮੋਦੀ ਲਈ ਕਰ ਰਹੇ ਹਨ ਅਤੇ ਲਗਾਤਾਰ ਪ੍ਰਧਾਨ ਮੰਤਰੀ ਅਤੇ ਦੇਸ਼ ਦੋਵਾਂ ਦਾ ਅਪਮਾਨ ਕਰ ਰਹੇ ਹਨ।

# ਟਰੰਪ ਦੀ ਰੈਲੀ ਟਿਕ ਟੌਕ ਅਤੇ ਕੇ-ਪੌਪ ਦੇ ਫੈਨਸ ਨੇ ਫਲਾਪ ਕਰ ਵਿਖਾਈ

## * ਰੈਲੀ ਸਥਾਨ ਦੇ ਬਾਹਰ ਹਮਾਇਤੀ ਤੇ ਵਿਰੋਧੀ ਲੜਦੇ ਵੀ ਰਹੇ



ਵਾਸ਼ਿੰਗਟਨ, 21 ਜੂਨ, (ਪੋਸਟ ਬਿਊਰੋ)- ਅਗਲੇ ਨਵੰਬਰ ਵਿਚ ਅਮਰੀਕਾ ਵਿੱਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਦੇ ਪ੍ਰਚਾਰ ਲਈ ਡੋਨਾਲਡ ਟਰੰਪ ਅੱਜ ਆਪਣੀ ਪਹਿਲੀ ਰੈਲੀ ਵਾਸਤੇ ਓਕਲਾਹੋਮਾ ਦੇ ਟੂਲਸਾ ਪਹੁੰਚੇ ਤਾਂ ਉਨ੍ਹਾਂ ਨਾਲ ਦੇਸ਼ ਦੇ ਨੌਜਵਾਨਾਂ ਨੇ ਭੱਦਾ ਮਜ਼ਾਕ ਕਰ ਦਿੱਤਾ, ਜਿਸ ਤੋਂ ਹਰ ਕੋਈ ਹੈਰਾਨ ਹੈ।

ਸਮਝਿਆ ਜਾਂਦਾ ਸੀ ਕਿ ਕੋਰੋਨਾ ਵਾਇਰਸ ਦੀ ਮਹਾਮਾਰੀ ਦੌਰਾਨ ਇਹ ਟਰੰਪ ਦੀ ਸਭ ਤੋਂ ਵੱਡੀ ਰੈਲੀ ਹੋਵੇਗੀ ਤੇ ਉਨ੍ਹਾਂ ਦੀ ਕੰਪੇਨ ਟੀਮ ਨੇ ਫਰੀ ਟਿੱਕਟਾਂ ਦਿੱਤੀਆਂ ਸਨ। ਇਸ ਦੌਰਾਨ ਕੇ-ਪਾਪ (ਕੋਰੀਅਨ ਪਾਪ) ਫੈਨਸ ਅਤੇ ਟਿੱਕ-ਟਾਕ ਯੂਜ਼ਰਸ ਨੇ ਹਜ਼ਾਰਾਂ ਟਿਕਟ ਬੁੱਕ ਕਰਵਾ ਲਈਆਂ ਤੇ ਰੈਲੀ ਵਿਚ ਨਹੀਂ ਗਏ। ਬਾਅਦ ਵਿਚ ਹੌਲੀ-ਹੌਲੀ ਸੋਸ਼ਲ ਮੀਡੀਆ ਤੋਂ ਭੇਦ ਖੁੱਲ੍ਹਾ ਕਿ ਇਨਾਂ ਲੋਕਾਂ ਨੇ ਜਾਣ-ਬੁਝ ਕੇ ਏਦਾਂ ਕੀਤਾ ਹੈ ਤਾਂ ਕਿ ਡੋਨਾਲਡ ਟਰੰਪ ਦੀ ਰੈਲੀ ਫਲਾਪ ਹੋ ਜਾਵੇ। ਇਸ ਤੋਂ ਪਹਿਲਾਂ ਡੋਨਾਲਡ ਟਰੰਪ ਦੀ ਟੀਮ ਦਾਅਵਾ ਕਰਦੀ ਸੀ ਇਸ ਇਵੈਂਟ ਵਿਚ ਲੱਖਾਂ ਲੋਕ ਸ਼ਾਮਲ ਹੋਣਗੇ, ਪਰ ਇਸ ਰੈਲੀ ਦੇ ਲਈ ਲਾਈਆਂ ਗਈਆਂ ਸੀਟਾਂ ਵਿੱਚੋਂ ਵੱਡੀ ਗਿਣਤੀ ਵਿਚ ਖਾਲੀ ਰਹਿ ਗਈਆਂ।

ਵਰਨਣ ਯੋਗ ਹੈ ਕਿ ਜੂਨ ਦੇ ਸ਼ੁਰੂ ਵਿਚ ਟਰੰਪ ਦੀ ਕੰਪੇਨ ਟੀਮ ਨੇ ਦੱਸਿਆ ਸੀ ਕਿ ਇਸ ਰੈਲੀ ਦੇ ਲਈ ਟਿਕਟਾਂ ਮੁਫਤ ਦਿੱਤੀਆਂ ਜਾਣਗੀਆਂ। ਫਿਰ ਕਈ ਇਹੋ ਜਿਹੀਆਂ ਵੀਡੀਓ ਪੋਸਟ ਕੀਤੀਆਂ ਗਈਆਂ, ਜਿਨਾਂ ਵਿਚ ਰੈਲੀ ਦੀ ਟਿਕਟ ਬੁੱਕ ਕਰਾਉਣ ਤੋਂ ਬਾਅਦ ਓਥੇ ਨਾ ਜਾਣ ਦੀ ਗੱਲ ਕਹੀ ਗਈ ਸੀ। ਇਨਾਂ ਵਿੱਚੋਂ ਬਹੁਤੀਆਂ ਵੀਡੀਓ ਫਿਰ ਡਿਲੀਟ ਕਰ ਦਿੱਤੀਆਂ ਗਈਆਂ ਸਨ, ਪਰ ਹਜ਼ਾਰਾਂ ਲੋਕ ਇਸ ਯੋਜਨਾਬੰਦੀ ਵਿਚ ਸ਼ਾਮਲ ਹੋ ਗਏ ਸਨ।

ਇਸ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਫਰਵਰੀ ਤੋਂ ਪਿੱਛੋਂ ਆਪਣੀ ਪਹਿਲੀ ਰਾਜਨੀਤਿਕ ਰੈਲੀ ਵਿੱਚ ਇਕ ਵਾਰ ਫਿਰ ਨਸਲੀ ਵਿਤਕਰੇ ਖ਼ਿਲਾਫ਼ ਹੁੰਦੇ ਮੁਜ਼ਾਹਰਿਆਂ ਦੀ ਅਲੋਚਨਾ ਕੀਤੀ ਤੇ ਮਹਾਮਾਰੀ ਰੋਕਣ ਲਈ ਚੁੱਕੇ ਕਦਮਾਂ ਦਾ ਬਚਾਅ ਕੀਤਾ। ਕੋਰੋਨਾ ਮਹਾਮਾਰੀ ਨਾਲ ਨਜਿੱਠਣ ਦੇ ਢੰਗਾਂ ਬਾਰੇ ਹੋ ਰਹੀ ਅਲੋਚਨਾ ਅਤੇ ਗੈਰ-ਗੋਰੇ ਜਾਰਜ ਫਲਾਇਡ ਦੀ ਪੁਲਸ ਹਿਰਾਸਤ ਵਿੱਚ ਮੌਤ ਪਿੱਛੋਂ ਹੋਏ ਮੁਜ਼ਾਹਰਿਆਂ ਦੌਰਾਨ ਟਰੰਪ ਦੀ ਇਹ ਰੈਲੀ ਹੋਣੀ ਸੀ। ਰੈਲੀ ਵਿੱਚ ਘੱਟ ਗਿਣਤੀ ਵਿੱਚ ਲੋਕਾਂ ਦੇ ਆਉਣ ਨਾਲ ਉਨ੍ਹਾਂ ਦਾ ਇਹ ਮਕਸਦ ਪੂਰਾ ਹੁੰਦਾ ਦਿਖਾਈ ਨਹੀਂ ਦੇ ਰਿਹਾ।

ਡੋਨਾਲਡ ਟਰੰਪ ਨੇ ਇਸ ਰੈਲੀ ਦੇ ਮੰਚ ਉੱਤੇ ਆਉਂਦੇ ਸਾਰ ਕਹਿਣਾ ਸ਼ੁਰੂ ਕੀਤਾ ਕਿ 'ਰਿਪਬਲਿਕਨ ਸਭ ਲਈ ਆਜ਼ਾਦੀ, ਬਰਾਬਰੀ ਅਤੇ ਨਿਆਂ ਦੀ ਗੱਲ ਕਰਨ ਵਾਲੀ ਪਾਰਟੀ ਹੈ। ਅਸੀਂ ਇਬਰਾਹੀਮ ਲਿੰਕਨ ਦੀ ਪਾਰਟੀ ਹਾਂ ਤੇ ਅਸੀਂ ਕਾਨੂੰਨ-ਵਿਵਸਥਾ ਦੀ ਪਾਰਟੀ ਹਾਂ।' ਉਨ੍ਹਾਂ ਡੈਮੋਕ੍ਰੈਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਜੋਅ ਬਿਡੇਨ ਬਾਰੇ ਕਿਹਾ ਕਿ ਅੱਜ ਤੋਂ ਪੰਜ ਮਹੀਨੇ ਬਾਅਦ ਅਸੀਂ ਉਨ੍ਹਾਂ ਨੂੰ ਹਰਾਉਣ ਜਾ ਰਹੇ ਹਾਂ।

ਟਰੰਪ ਦੀ ਰੈਲੀ ਵਿੱਚ ਘੱਟ ਗਿਣਤੀ ਲੋਕਾਂ ਦੇ ਆਉਣ ਲਈ ਮੀਡੀਆ ਨੇ ਰੈਲੀ ਵਾਲੀ ਥਾਂ ਦੇ ਬਾਹਰ ਇਕੱਠੇ ਹੋਏ ਮੁਜ਼ਾਹਰਾਕਾਰੀਆਂ ਨੂੰ ਜ਼ਿੰਮੇਵਾਰ ਕਿਹਾ ਹੈ। ਟਰੰਪ ਨੇ ਖੱਬੇ ਪੱਖੀਆਂ ਬਾਰੇ ਕਿਹਾ, 'ਇਹ ਭੀੜ ਸਾਡੇ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਸਾਡੀਆਂ ਯਾਦਗਾਰਾਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ ਤੇ ਓਥੇ ਲੱਗੇ ਬੁੱਤਾਂ ਨੂੰ ਤੋੜਿਆ ਜਾ ਰਿਹਾ ਹੈ। ਜਿਹੜੇ ਲੋਕ ਇਨ੍ਹਾਂ ਦੀਆਂ ਮੰਗਾਂ ਮੰਨਣ ਤੋਂ ਇਨਕਾਰ ਕਰਦੇ ਹਨ, ਉਨ੍ਹਾਂ ਨੂੰ ਇਹ ਤੰਗ ਕਰਦੇ ਹਨ।' ਰੈਲੀ ਦੌਰਾਨ ਟਰੰਪ ਨੇ ਦੋ ਮਾਰਚ ਨੂੰ ਟੂਲਸਾ ਵਿੱਚ ਰੈਲੀ ਕਰਨ ਦੀ ਅਲੋਚਨਾ ਦਾ ਵੀ ਜਵਾਬ ਦਿੱਤਾ।

ਦੂਸਰੇ ਪਾਸੇ ਟਰੰਪ ਦੇ ਕੈਂਪੇਨ ਮੈਨੇਜਰ ਬ੍ਰੈਡ ਪਾਰਸਕੇਲ ਨੇ ਸ਼ਨੀਵਾਰ ਰਾਤ ਇੱਕ ਟਵੀਟ ਕਰ ਕੇ ਦੋਸ਼ ਲਾਇਆ ਹੈ ਕਿ ਮੀਡੀਆ ਕਵਰੇਜ ਤੋਂ ਪ੍ਰਭਾਵਿਤ ਹੋਏ ਪ੍ਰਦਰਸ਼ਨਕਾਰੀਆਂ ਨੇ ਰੈਲੀ ਵਿਚ ਸਮਰਥਕਾਂ ਨੂੰ ਜਾਣ ਨਹੀਂ ਦਿੱਤਾ। ਉਨ੍ਹਾਂ ਦੋਸ਼ ਲਾਇਆ ਕਿ ਇਨਾਂ ਲੋਕਾਂ ਨੇ ਮੈਟਲ ਡਿਟੇਕਟਰਸ ਨੂੰ ਬਲਾਕ ਕਰ ਦਿੱਤਾ, ਜਿਸ ਨਾਲ ਲੋਕ ਰੈਲੀ ਵਿੱਚ ਨਾ ਜਾ ਸਕਣ, ਪਰ ਉਨ੍ਹਾਂ ਦੇ ਜਵਾਬ ਦੇਂਦੇ ਹੋਏ ਐਲੇਕਜੈਂਡ੍ਰਿਆ ਓਕਾਸੀਓ ਕਾਰਟੇਜ (ਏ ਓ ਸੀ) ਨੇ ਜਵਾਬ ਵਿਚ ਕਿਹਾ ਹੈ ਕਿ 'ਅਸਲ ਵਿੱਚ ਤੁਹਾਨੂੰ ਟਿੱਕ-ਟਾਕ ਦੇ ਉਨਾਂ ਨੌਜਵਾਨਾਂ ਨੇ ਫਸਾ ਦਿੱਤਾ ਹੈ, ਜਿਨ੍ਹਾਂ ਨੇ ਕੈਂਪੇਨ ਦੀਆਂ ਸੀਟਾਂ ਜਾਅਲੀ ਰਿਜ਼ਰਵ ਕਰਾਈਆਂ ਤੇ ਤੁਹਾਨੂੰ ਵਿਸ਼ਵਾਸ ਦਿਵਾਇਆ ਸੀ ਕਿ ਪ੍ਰੋਗਰਾਮ ਵਿਚ ਲੱਖਾਂ ਲੋਕ ਕੋਵਿਡ-19 ਦੇ ਦੌਰਾਨ ਵੀ ਸ਼ਾਮਲ ਹੋਣਾ ਚਾਹੁੰਦੇ ਹਨ।'

ਇਸ ਰੈਲੀ ਵਾਲੀ ਥਾਂ ਦੇ ਬਾਹਰ ਟਰੰਪ ਦੇ ਸਮਰਥਕਾਂ ਅਤੇ ਵਿਰੋਧੀਆਂ ਦਾ ਟਕਰਾਅ ਵੀ ਹੁੰਦਾ ਰਿਹਾ, ਜਿਸ ਨਾਲ ਮਾਹੌਲ ਤਣਾਅ ਪੂਰਨ ਬਣ ਗਿਆ ਸੀ। ਪ੍ਰਦਰਸ਼ਨਕਾਰੀਆਂ ਨੇ 'ਬਲੈਕ ਲਾਈਵਸ ਮੈਟਰ' ਦੇ ਨਾਅਰੇ ਲਾਏ ਅਤੇ ਸ਼ਹਿਰ ਦੇ ਕੇਂਦਰ ਵਿਚਲੇ ਰਾਹਾਂ ਉੱਤੇ ਸੈਂਕੜੇ ਲੋਕਾਂ ਨੇ ਕਈ ਵਾਰ ਆਵਾਜਾਈ ਰੋਕੀ, ਪਰ ਪੁਲਸ ਨੇ ਸ਼ਨੀਵਾਰ ਦੁਪਹਿਰ ਤੱਕ ਸਿਰਫ ਇਕ ਵਿਅਕਤੀ ਨੂੰ ਗ੍ਰਿਫਤਾਰ ਕਰਨ ਦੀ ਜਾਣਕਾਰੀ ਹੀ ਦਿੱਤੀ ਹੈ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ: 110 Glidden Rd., Brampton
ਜਾਂ ਫੇਰ ਈ-ਮੇਲ ਕਰੋ: jbrown@dundasjafine.com kkaur@dundasjafine.com



SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

## ਅੱਜ ਨਾਮਾ

ਵੱਡੀ ਬੰਦੇ ਦੀ ਧਰਤ 'ਤੇ ਬੜ੍ਹਤ ਸੀ ਗੀ,
ਹਰ ਇੱਕ ਚੀਜ਼ ਨੂੰ ਪਾਈ ਲਗਾਮ ਮੀਆਂ।
ਸਰਕਸ ਵਿੱਚ ਨਚਾਉਂਦਾ ਸੀ ਸ਼ੇਰ ਬੰਦਾ,
ਹਾਥੀ-ਘੋੜਿਆਂ ਦਾ ਨੱਚਣ ਆਮ ਮੀਆਂ।
ਆਕਾਸ਼ਾਂ ਵਿੱਚ ਸੀ ਨਿੱਤ ਜਹਾਜ਼ ਉੱਡਦੇ,
ਦਿਵਸ-ਰਾਤ ਜਾਂ ਹੁੰਦੀ ਸੀ ਸ਼ਾਮ ਮੀਆਂ।
ਸਮੁੰਦਰ ਵਿੱਚ ਜਹਾਜ਼ ਸਨ ਘੁੰਮੀ ਜਾਂਦੇ,
ਪੱਖਾ ਹੋਇਆ ਹੈ ਉਨ੍ਹਾਂ ਦਾ ਜਾਮ ਮੀਆਂ।
ਕੁਦਰਤ ਯੁੱਗਾਂ ਤੋਂ ਜਿਵੇਂ ਸੀ ਚਲੀ ਆਈ,
ਉਸ ਦੇ ਦਿੱਤੇ ਦੀ ਛੱਡ'ਤੀ ਸ਼ਰਮ ਮੀਆਂ।
ਕਹਿਰ ਕੁਦਰਤੀ ਜਦੋਂ ਹੈ ਪਿਆ ਸਹਿਣਾ,
ਓਦੋਂ ਟੁੱਟਾ ਪਿਆ ਬੰਦੇ ਦਾ ਭਰਮ ਮੀਆਂ।

**ਤੀਸ ਮਾਰ ਖਾਂ**

# ਸਰਹੱਦ ਤਨਾਅ ਦਾ ਅਸਰ: ਪ੍ਰਧਾਨ ਮੰਤਰੀ ਦਫਤਰ ਨੇ ਚੀਨ ਤੋਂ ਖਰੀਦ ਘਟਾਉਣ ਲਈ ਸਮਾਨ ਦੀ ਸੂਚੀ ਮੰਗੀ

### * ਚੀਨ ਨੇ ਬੰਗਲਾ ਦੇਸ਼ ਦਾ 97 ਫ਼ੀਸਦੀ ਸਾਮਾਨ ਟੈਕਸ ਫਰੀ ਕੀਤਾ

ਨਵੀਂ ਦਿੱਲੀ, 21 ਜੂਨ, (ਪੋਸਟ ਬਿਊਰੋ)- ਭਾਰਤ-ਚੀਨ ਵਿਚਾਲੇ ਲੱਦਾਖ ਦੀ ਗਲਵਾਨ ਘਾਟੀ ਵਿੱਚ ਚੱਲਦੇ ਤਨਾਅ ਹੇਠ ਅੱਜ ਭਾਰਤ ਸਰਕਾਰ ਨੇ ਚੀਨ ਤੋਂ ਲਏ ਜਾਂਦੇ ਸਮਾਨ ਦੀ ਸੂਚੀ ਮੰਗ ਲਈ ਤੇ ਇਸ ਦੇ ਨਾਲ ਹੀ ਸਸਤੀ ਇੰਪੋਰਟ, ਘਰੇਲੂ ਕੀਮਤਾਂ ਅਤੇ ਟੈਕਸ ਘਾਟੇ ਦੇ ਮੁਕਾਬਲੇ, ਖਾਸ ਤੌਰ ਉੱਤੇ ਚੀਨ ਤੋਂ ਘੱਟ ਕੁਆਲਟੀ ਦੀ ਅੰਦਰੂਨੀ ਇੰਪੋਰਟ ਉੱਤੇ ਰੋਕ ਲਾਉਣ ਅਤੇ ਘਰੇਲੂ ਉਤਪਾਦਨ ਨੂੰ ਉਤਸ਼ਾਹਤ ਕਰਨ ਦੇ ਨਿਰਦੇਸ਼ ਦਿੱਤੇ ਹਨ।

ਜਾਣਕਾਰ ਸੂਤਰਾਂ ਨੇ ਅੱਜ ਐਤਵਾਰ ਨੂੰ ਦੱਸਿਆ ਕਿ ਪ੍ਰਧਾਨ ਮੰਤਰੀ ਦਫ਼ਤਰ ਨੇ ਪਿੱਛੇ ਜਿਹੇ ਇੱਕ ਸਵੈ-ਨਿਰਭਰ ਭਾਰਤ ਨੂੰ ਉਤਸ਼ਾਹਤ ਕਰਨ ਦੇ ਤਰੀਕਿਆਂ ਬਾਰੇ ਵਿਚਾਰ ਲਈ ਉੱਚ ਪੱਧਰੀ ਮੀਟਿੰਗ ਕੀਤੀ ਸੀ, ਜਿਸ ਵਿੱਚ ਚੀਨ ਤੋਂ ਇੰਪੋਰਟ ਵਿੱਚ ਕਮੀ ਕਰਨ ਬਾਰੇ ਚਰਚਾ ਹੋਈ ਸੀ। ਉਦਯੋਗ ਨਾਲ ਜੁੜੇ ਇਕ ਅਧਿਕਾਰੀ ਦੇ ਮੁਤਾਬਕ ਉਹ ਉਨ੍ਹਾਂ ਸਾਰੇ ਉਤਪਾਦਾਂ ਦੀ ਸੂਚੀ ਬਣਾ ਰਹੇ ਹਨ ਅਤੇ ਜਲਦੀ ਹੀ ਵਪਾਰ ਅਤੇ ਉਦਯੋਗ ਮੰਤਰਾਲੇ ਨੂੰ ਭੇਜ ਦੇਣਗੇ।

ਵਰਨਣ ਯੋਗ ਹੈ ਕਿ ਭਾਰਤ ਚੀਨ ਤੋਂ ਲਗਭਗ 14 ਫੀਸਦੀ ਇੰਪੋਰਟ ਕਰਦਾ ਹੈ। ਸੈਲ ਫ਼ੋਨ, ਟੈਲੀਕਾਮ, ਬਿਜਲੀ, ਪਲਾਸਟਿਕ ਦੇ ਖਿਡੌਣੇ ਅਤੇ ਮਹੱਤਵਪੂਰਨ ਮੈਡੀਕਲ ਸੈਕਟਰਾਂ ਲਈ ਭਾਰਤ ਨੂੰ ਚੀਨ ਹੀ ਵੱਡਾ ਸਪਲਾਇਰ ਹੈ। ਸੂਤਰਾਂ ਮੁਤਾਬਕ ਉਦਯੋਗਾਂ ਨੂੰ ਚੀਨ ਤੋਂ ਮੰਗਵਾਈਆਂ ਜਾਂਦੀਆਂ ਕੁਝ ਚੀਜ਼ਾਂ ਤੇ ਕੱਚੇ ਮਾਲ ਬਾਰੇ ਟਿੱਪਣੀਆਂ ਅਤੇ ਸੁਝਾਅ ਦੇਣ ਨੂੰ ਕਿਹਾ ਗਿਆ ਹੈ, ਜਿਸ ਵਿੱਚ ਹੱਥ ਅਤੇ ਕੰਧ ਦੀਆਂ ਘੜੀਆਂ, ਟੀਕੇ ਦੀਆਂ ਸ਼ੀਸ਼ੀਆਂ, ਕੱਚ ਦੀਆਂ ਸਟਿਕਾਂ ਅਤੇ ਟਿਊਬਾਂ, ਵਾਲਾਂ ਦੀ ਕਰੀਮ, ਸ਼ੈਂਪੂ, ਫੇਸ ਪਾਊਡਰ, ਅੱਖਾਂ ਅਤੇ ਬੁੱਲ੍ਹਾਂ ਦੇ ਮੇਕ-ਅਪ ਦਾ ਸਾਮਾਨ, ਛਾਪਣ ਲਈ ਸਿਆਹੀ, ਪੇਂਟ ਅਤੇ ਵਾਰਨਿਸ਼, ਆਦਿ ਚੀਜ਼ਾਂ ਸ਼ਾਮਲ ਹਨ। ਚੀਨ ਨੂੰ ਵੇਚੀਆਂ ਜਾਂਦੀਆਂ ਮੁੱਖ ਚੀਜ਼ਾਂ ਵਿੱਚ ਗੁੱਟ ਤੇ ਕੰਧ ਘੜੀ, ਸੰਗੀਤ ਯੰਤਰ, ਖਿਡੌਣੇ, ਖੇਡ ਸਮਾਨ, ਫਰਨੀਚਰ, ਚਟਾਈ, ਪਲਾਸਟਿਕ, ਬਿਜਲੀ ਸਾਮਾਨ, ਇਲੈਕਟ੍ਰਾਨਿਕ ਸਾਮਾਨ, ਕੈਮੀਕਲ, ਲੋਹੇ ਤੇ ਸਟੀਲ ਦੀਆਂ ਚੀਜ਼ਾਂ, ਖਾਦ ਤੇ ਧਾਤੂ ਸ਼ਾਮਲ ਹਨ। ਭਾਰਤ ਨੇ ਕਈ ਵਾਰ ਚੀਨ ਨਾਲ ਵੱਡੇ ਵਪਾਰ ਘਾਟੇ ਬਾਰੇ ਚਿੰਤਾ ਜ਼ਾਹਰ ਕੀਤੀ ਹੈ, ਜਿਹੜਾ ਅਪ੍ਰੈਲ-ਫਰਵਰੀ 2019-20 ਤੱਕ ਲਗਭਗ 47 ਅਰਬ ਡਾਲਰ ਸੀ।




ਦੂਸਰੇ ਪਾਸੇ ਭਾਰਤ ਨਾਲ ਵਧੇ ਤਣਾਅ ਪਿੱਛੋਂ ਚੀਨ ਨੇ ਨੇਪਾਲ ਅਤੇ ਬੰਗਲਾ ਦੇਸ਼ ਨੂੰ ਆਪਣੇ ਪਾਸੇ ਵੱਲ ਖਿੱਚਣ ਦੀ ਕੋਸ਼ਿਸ਼ ਤੇਜ਼ ਕਰ ਦਿੱਤੀ ਹੈ। ਅੱਜ ਉਸ ਨੇ ਬੰਗਲਾ ਦੇਸ਼ ਤੋਂ ਇੰਪੋਰਟ ਹੁੰਦੀਆਂ 97 ਫ਼ੀਸਦੀ ਚੀਜ਼ਾਂ ਨੂੰ ਪੂਰੀ ਤਰ੍ਹਾਂ ਟੈਕਸ ਫਰੀ ਕਰਨ ਦਾ ਫ਼ੈਸਲਾ ਕੀਤਾ ਹੈ। ਨਵੀਆਂ ਦਰਾਂ ਪਹਿਲੀ ਜੁਲਾਈ ਤੋਂ ਲਾਗੂ ਹੋਣਗੀਆਂ। ਬੰਗਲਾ ਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਅਤੇ ਚੀਨ ਦੇ ਰਾਸ਼ਟਰਪਤੀ ਸ਼ੀ ਜ਼ਿਨਪਿੰਗ ਦੀ ਕਰੀਬ ਇਕ ਮਹੀਨਾ ਪਹਿਲਾਂ ਹੋਈ ਮੁਲਾਕਾਤ ਦੌਰਾਨ ਦੋਵੇਂ ਨੇਤਾਵਾਂ ਨੇ ਦੁਵੱਲੇ ਸੰਬੰਧਾਂ ਵਿਚ ਸੁਧਾਰ ਦੀ ਚਰਚਾ ਕੀਤੀ ਸੀ, ਪਰ ਭਾਰਤ-ਚੀਨ ਸਰਹੱਦ ਉੱਤੇ ਤਣਾਅ ਦੇ ਮਾਹੌਲ ਵਿਚ ਆਇਆ ਇਹ ਤਾਜ਼ਾ ਫ਼ੈਸਲਾ ਬੰਗਲਾ ਦੇਸ਼ ਨੂੰ ਚੀਨ ਵੱਲੋਂ ਪਤਿਆਉਣ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ।

# ਕੋਰੋਨਾ ਦੀਆਂ ਗਲਤ ਰਿਪੋਰਟਾਂ ਕਾਰਨ ਅੰਮ੍ਰਿਤਸਰ ਦੀ ਤੁਲੀ ਲੈਬ ਵਿੱਚ ਵਿਜੀਲੈਂਸ ਛਾਪਾ

ਅੰਮ੍ਰਿਤਸਰ, 21 ਜੂਨ, (ਪੋਸਟ ਬਿਊਰੋ)- ਇਸ ਮਹਾਨਗਰ ਦੀ ਮਜੀਠਾ ਰੋਡ ਵਾਲੀ ਤੁਲੀ ਲੈਬ ਉੱਤੇ ਵਿਜੀਲੈਂਸ ਵਿਭਾਗ ਨੇ ਅੱਜ ਸ਼ਨੀਵਾਰ ਨੂੰ ਛਾਪਾ ਮਾਰਿਆ ਤੇ ਰਿਕਾਰਡ ਕਬਜ਼ੇ ਵਿਚ ਲਿਆ ਹੈ। ਵਿਜੀਲੈਂਸ ਟੀਮ ਦੇ ਜਾਂਦੇ ਸਾਰ ਤੁਲੀ ਲੈਬ ਦੇ ਸੰਚਾਲਕ ਨੇ ਲੈਬ ਦੇ ਸਾਰੇ ਸਟਾਫ ਨੂੰ ਘਰੀਂ ਭੇਜ ਕੇ ਲੈਬ ਉੱਤੇ ਤਾਲਾ ਲਾ ਦਿੱਤਾ ਹੈ।

ਵਰਨਣ ਯੋਗ ਹੈ ਕਿ ਅੰਮ੍ਰਿਤਸਰ ਦੀ ਤੁਲੀ ਲੈਬ ਨੂੰ ਪੰਜਾਬ ਸਰਕਾਰ ਨੇ ਕੋਰੋਨਾ ਵਾਇਰਸ ਦੇ ਟੈਸਟ ਕਰਨ ਲਈ ਪਾਬੰਦੀ ਲਾਈ ਹੈ। ਇਸ ਲੈਬ ਵਿਚ ਦੋ ਸਿਹਤ ਮੁਲਾਜ਼ਮਾਂ ਦੀ ਕੋਰੋਨਾ ਵਾਇਰਸ ਦੀ ਰਿਪੋਰਟ ਪਾਜ਼ੇਟਿਵ ਆਉਣ ਮਗਰੋਂ ਜਦੋਂ ਸਰਕਾਰੀ ਇੰਫਲੂਐਂਜ਼ਾ ਲੈਬ ਤੋਂ ਟੈੱਸਟ ਕਰਾਇਆ ਤਾਂ ਦੋਵੇਂ ਕੇਸ ਨੈਗੇਟਿਵ ਨਿਕਲੇ ਸਨ। ਇਸੇ ਤਰ੍ਹਾਂ ਸ਼ਕਤੀ ਨਗਰ ਦੇ ਵਸਨੀਕ ਵਿੱਕੀ ਦੱਤਾ ਦੇ ਪਰਿਵਾਰਕ ਮੈਂਬਰਾਂ ਦੀ ਰਿਪੋਰਟ ਵੀ ਪਾਜ਼ੇਟਿਵ ਦੱਸੀ ਗਈ, ਪਰ ਸਰਕਾਰੀ ਲੈਬ ਵਿਚ ਇਹ ਨੈਗੇਟਿਵ ਆਈ ਸੀ। ਇਸ ਬਾਰੇ ਵਿੱਕੀ ਨੇ ਪੁਲਿਸ ਕਮਿਸ਼ਨਰ ਨੂੰ ਅਰਜ਼ੀ ਦੇ ਕੇ ਕੇਸ ਦੀ ਜਾਂਚ ਦੀ ਮੰਗ ਕੀਤੀ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਸਿਹਤ ਮੰਤਰੀ ਨੂੰ ਵੀ ਸ਼ਿਕਾਇਤ ਭੇਜੀ ਸੀ। ਉਸ ਦਾ ਇਹ ਕਹਿਣਾ ਹੈ ਕਿ ਉਨ੍ਹਾਂ ਦੇ ਸਹੁਰੇ ਕਮਲ ਕਿਸ਼ੋਰ ਨੂੰ ਫੇਫੜਿਆਂ ਦੀ ਸਮੱਸਿਆ ਕਾਰਨ ਗ੍ਰੀਨ ਐਵੀਨਿਊ ਦੇ ਨਿੱਜੀ ਹਸਪਤਾਲ ਲਿਆਂਦਾ ਤਾਂ ਉਨ੍ਹਾਂ ਦੀ ਪਤਨੀ, ਸੱਸ, ਸਾਲਾ ਅਤੇ ਸਾਲੇ ਦੀ ਪਤਨੀ ਦਾ ਵੀ ਕੋਵਿਡ-19 ਟੈਸਟ ਤੁਲੀ ਲੈਬ ਤੋਂ ਕਰਵਾਇਆ ਸੀ। ਤੁਲੀ ਲੈਬ ਦੀ ਰਿਪੋਰਟ ਵਿਚ ਵਿਕੀ ਦੀ ਪਤਨੀ ਨੂੰ ਕੋਰੋਨਾ ਪਾਜ਼ੇਟਿਵ ਦੱਸਿਆ ਗਿਆ। ਉਨ੍ਹਾਂ ਨੇ ਆਪਣੀ ਪਤਨੀ ਨੂੰ ਗ੍ਰੀਨ ਐਵੀਨਿਊ ਦੇ ਹਸਪਤਾਲ ਦਾਖ਼ਲ ਕਰਾ ਦਿੱਤਾ। ਫਿਰ ਹਸਪਤਾਲ ਤੋਂ ਫੋਨ ਆਇਆ ਕਿ ਪਰਿਵਾਰ ਦੇ ਬਾਕੀ ਮੈਂਬਰ ਵੀ ਪਾਜ਼ੇਟਿਵ ਹਨ ਤਾਂ ਵਿਕੀ ਨੇ ਆਪਣੀ ਸੱਸ, ਸਾਲੇ ਤੇ ਉਸ ਦੀ ਪਤਨੀ ਨੂੰ ਵੀ ਹਸਪਤਾਲ ਵਿਚ ਦਾਖ਼ਲ ਕਰਵਾ ਦਿੱਤਾ। ਵਿੱਕੀ ਦੱਤਾ ਅਨੁਸਾਰ ਉਨ੍ਹਾਂ ਨੇ ਤੁਲੀ ਲੈਬ ਦੀ ਰਿਪੋਰਟ ਉੱਤੇ ਸ਼ੱਕ ਹੋਣ ਉੱਤੇ ਸਾਰਿਆਂ ਦਾ ਟੈਸਟ ਸਰਕਾਰੀ ਮੈਡੀਕਲ ਕਾਲਜ ਦੀ ਇੰਫਲੂਐਂਜ਼ਾ ਲੈਬ ਤੋਂ ਕਰਵਾਇਆ ਤਾਂ ਵਿਕੀ ਦੇ ਸਾਲੇ ਦੀ ਪਤਨੀ ਪਾਜ਼ੇਟਿਵ ਸੀ, ਪਰ ਵਿਕੀ ਦੀ ਪਤਨੀ, ਸੱਸ ਅਤੇ ਸਾਲਾ ਨੈਗੇਟਿਵ ਸਨ। ਨਿੱਜੀ ਹਸਪਤਾਲ ਨੇ ਉਨ੍ਹਾਂ ਨੂੰ ਰਿਪੋਰਟ ਨਹੀਂ ਦਿੱਤੀ ਤੇ ਸਾਰਿਆਂ ਨੂੰ ਆਈਸੋਲੇਸ਼ਨ ਵਾਰਡ ਵਿਚ ਕੋਰੋਨਾ ਦੇ ਮਰੀਜ਼ਾਂ ਨਾਲ ਰੱਖਿਆ। ਇਸ ਕਾਰਨ ਓਥੇ ਉਨ੍ਹਾਂ ਦੀ ਸੱਸ, ਸਾਲਾ ਅਤੇ ਸਾਲੇ ਦੀ ਪਤਨੀ ਵੀ ਕੋਰੋਨਾ ਪਾਜ਼ੇਟਿਵ ਹੋ ਗਏ ਅਤੇ ਨਿੱਜੀ ਹਸਪਤਾਲ ਅਤੇ ਤੁਲੀ ਲੈਬ ਦੀ ਗੰਢਤੁੱਪ ਕਾਰਨ ਉਨ੍ਹਾਂ ਨੂੰ ਕੋਰੋਨਾ ਦੀ ਮਾਰ ਦੇ ਨਾਲ ਮਾਨਸਿਕ ਪੀੜ ਝੱਲਣੀ ਪਈ ਹੈ।

ਅੱਜ ਵਿਜੀਲੈਂਸ ਛਾਪੇ ਦੇ ਬਾਅਦ ਵਿੱਕੀ ਨੇ ਕਿਹਾ ਕਿ ਤੁਲੀ ਲੈਬ ਦੇ ਖ਼ਿਲਾਫ਼ ਕਾਰਵਾਈ ਦਾ ਉਹ ਸਵਾਗਤ ਕਰਦੇ ਹਨ। ਵਿਜੀਲੈਂਸ ਨੇ ਉਨ੍ਹਾਂ ਤੋਂ ਦਸਤਾਵੇਜ਼ ਮੰਗੇ ਸਨ, ਜੋ ਉਨ੍ਹਾਂ ਦੇ ਦਿੱਤੇ ਹਨ ਤੇ ਇਸ ਲੈਬ ਵਿਚ ਨੈਗੇਟਿਵ ਪਾਜ਼ੇਟਿਵ ਦੀ ਖੇਡ ਦਾ ਪਰਦਾਫ਼ਾਸ਼ ਹੋਣਾ ਜ਼ਰੂਰੀ ਸੀ, ਜਿਹੜਾ ਹੋਣ ਲੱਗਾ ਹੈ।

ਇਸ ਦੌਰਾਨ ਪੰਜਾਬ ਵਿੱਚ ਕੋਰੋਨਾ ਵਾਇਰਸ ਨਾਲ ਮੌਤਾਂ ਦੀ ਗਿਣਤੀ ਤੇਜ਼ੀ ਨਾਲ ਵਧੀ ਹੈ। ਅੱਜ ਤਿੰਨ ਹੋਰ ਲੋਕਾਂ ਦੀ ਮੌਤ ਹੋ ਗਈ ਹੈ। ਸੰਗਰੂਰ ਵਿੱਚ ਇੱਕ 55 ਸਾਲਾ ਕੋਰੋਨਾ ਪੀੜਤ ਦੀ ਘਰ ਵਿੱਚ ਮੌਤ ਹੋਈ ਹੈ। ਨਿੱਜੀ ਹਸਪਤਾਲ ਤੋਂ ਇਲਾਜ ਕਰਵਾ ਰਹੇ ਇਸ ਮਰੀਜ਼ ਦੀ ਕੋਰੋਨਾ ਪਾਜ਼ੇਟਿਵ ਰਿਪੋਰਟ ਪਿੱਛੋਂ ਸਰਕਾਰੀ ਹਸਪਤਾਲ ਨਹੀਂ ਸੀ ਲਿਆਂਦਾ ਗਿਆ ਤੇ ਪਰਿਵਾਰ ਦੇ ਲੋਕ ਉਸ ਨੂੰ ਘਰ ਲੈ ਗਏ ਸਨ। ਉਸ ਨੂੰ ਸ਼ੂਗਰ, ਮਲੇਰੀਆ ਦੀ ਸਮੱਸਿਆ ਸੀ ਅਤੇ ਬਾਈਪਾਸ ਸਰਜਰੀ ਵੀ ਹੋਈ ਸੀ। ਅੰਮ੍ਰਿਤਸਰ ਵਿੱਚ ਅੱਜ ਸ਼ਨਿਚਰਵਾਰ ਨੂੰ ਕੱਟੜਾ ਦੂਲੋ ਦੀ ਜੱਟਾਂ ਵਾਲੀ ਗਲੀ ਦੇ 98 ਸਾਲਾ ਬਜ਼ੁਰਗ ਦੀ ਗੁਰੂ ਨਾਨਕ ਦੇਵ ਹਸਪਤਾਲ ਵਿੱਚ ਮੌਤ ਹੋਈ ਹੈ। ਉਸ ਨੂੰ ਸ਼ੂਗਰ ਤੇ ਸਾਹ ਲੈਣ ਦੀ ਤਕਲੀਫ਼ ਹੋਣ ਕਾਰਨ ਅੱਠ ਜੂਨ ਨੂੰ ਗੁਰੂ ਨਾਨਕ ਦੇਵ ਹਸਪਤਾਲ ਲਿਆਂਦਾ ਗਿਆ ਸੀ। ਅੱਜ ਲੁਧਿਆਣਾ ਵਿੱਚ ਵੀ ਇਕ ਵਿਅਕਤੀ ਦੀ ਮੌਤ ਹੋ ਗਈ ਹੈ।

# ਗੁਰਪਤਵੰਤ ਪੰਨੂ ਉੱਤੇ ਭਾਰਤ ਵਿੱਚ ਦੇਸ਼ ਧ੍ਰੋਹ ਦਾ ਮੁਕੱਦਮਾ ਦਰਜ

### * ਸਿੱਖ ਜਵਾਨਾਂ ਨੂੰ ਫੌਜ ਛੱਡਣ ਲਈ ਭੜਕਾਉਣ ਦਾ ਦੋਸ਼



ਚੰਡੀਗੜ੍ਹ, 21 ਜੂਨ, (ਪੋਸਟ ਬਿਊਰੋ)- ਸਿੱਖਾਂ ਨੂੰ ਉਕਸਾਉਣ ਲਈ ਕੀਤੇ ਜਾ ਰਹੇ 'ਰੈਫਰੈਂਡਮ 2020' ਦੇ ਨਵੇਂ ਮੋਰਚੇ ਦਾ ਮੋਢੀ ਗੁਰਪਤਵੰਤ ਸਿੰਘ ਪੰਨੂ ਆਮ ਕਰ ਕੇ ਭਾਰਤ ਵਿਰੋਧੀ ਗਤੀਵਿਧੀਆਂ ਕਰਦਾ ਰਹਿੰਦਾ ਹੈ। ਪਿਛਲੇ ਦਿਨੀਂ ਉਸ ਨੇ ਕੁਝ ਮੁੱਦਿਆ ਉੱਤੇ ਸਿੱਖਾਂ ਨੂੰ ਭੜਕਾਉਣ ਵਾਲੇ ਬਿਆਨ ਦਿੱਤੇ ਤੇ ਫਿਰ ਸਿੱਖ ਫੌਜੀਆਂ ਨੂੰ ਭੜਕਾਉਣ ਦੀ ਕੋਸ਼ਿਸ਼ ਕੀਤੀ ਹੈ, ਜਿਸ ਬਾਰੇ ਅੱਜ ਉਸ ਉੱਤੇ ਮੁਹਾਲੀ ਪੁਲਿਸ ਨੇ ਭਾਰਤੀ ਫੌਜ ਦੇ ਜਵਾਨਾਂ ਨੂੰ ਦੇਸ਼ ਵਿਰੁੱਧ ਭੜਕਾਉਣ ਦੇ ਦੋਸ਼ ਹੇਠ ਮੁਕੱਦਮਾ ਦਰਜ ਕੀਤਾ ਹੈ। ਇਹ ਕੇਸ ਦਰਜ ਕਰਨ ਦੀ ਕਾਰਵਈ ਸਦਰ ਥਾਣਾ ਕੁਰਾਲੀ ਵਿੱਚ ਹੋਈ ਹੈ।

ਪਤਾ ਲੱਗਾ ਹੈ ਕਿ ਪੰਜਾਬ ਪੁਲਿਸ ਨੂੰ ਇੱਕ ਪ੍ਰੀ-ਰਿਕਾਰਡਿਡ ਮੈਸੇਜ ਮਿਲਿਆ ਹੈ, ਜਿਸ ਵਿੱਚ ਗੁਰਪਤਵੰਤ ਸਿੰਘ ਪੰਨੂ ਭਾਰਤੀ ਫੌਜ ਵਿਚਲੇ ਸਿੱਖ ਫੌਜੀਆਂ ਨੂੰ ਭੜਕਾਉਂਦਾ ਹੈ। ਸੰਦੇਸ਼ ਵਿੱਚ ਉਸ ਨੇ ਸਿੱਖ ਸੈਨਿਕਾਂ ਨੂੰ ਕਿਹਾ ਹੈ ਕਿ 1947 ਤੋਂ ਅੱਜ ਤੱਕ ਸਿੱਖਾਂ ਦਾ ਕਤਲੇਆਮ ਕੀਤਾ ਜਾ ਰਿਹਾ ਹੈ। ਇਸ ਹਾਲਤ ਵਿੱਚ ਉਨ੍ਹਾਂ ਨੂੰ ਆਪਣੀ ਜਾਨ ਭਾਰਤ ਵਾਸਤੇ ਨਹੀਂ ਦੇਣੀ ਚਾਹੀਦੀ। ਉਸ ਨੇ ਉਨ੍ਹਾਂ ਨੂੰ ਭਾਰਤੀ ਫੌਜਾਂ ਛੱਡਣ ਲਈ ਵੀ ਕਿਹਾ ਹੈ। ਗੁਰਪਤਵੰਤ ਪੰਨੂ ਨੇ ਸਿੱਖ ਫੌਜੀਆਂ ਨੂੰ ਇੱਥੋਂ ਤਕ ਲਾਲਚ ਦਿੱਤਾ ਕਿ ਉਨ੍ਹਾਂ ਨੂੰ ਭਾਰਤੀ ਫੌਜ ਵਿੱਚ ਮਿਲਦੀ ਤਨਖਾਹ ਤੋਂ ਪੰਜ ਹਜ਼ਾਰ ਰੁਪਏ ਵੱਧ ਦਿੱਤੇ ਜਾਣਗੇ।

ਇਸ ਦੌਰਾਨ ਗੁਰਪਤਵੰਤ ਪੰਨੂੰ ਨੇ ਸੋਸ਼ਲ ਮੀਡੀਆ ਉੱਤੇ ਇੱਕ ਪੱਤਰ ਰਾਹੀਂ ਲੱਦਾਖ ਦੀ ਅੰਤਰਰਾਸ਼ਟਰੀ ਸਰਹੱਦ ਉੱਤੇ ਚੀਨ ਦੇ ਖਿਲਾਫ ਭਾਰਤ ਵਲੋਂ ਕੀਤੀ ਕਾਰਵਾਈ ਦੀ ਨਿੰਦਾ ਕੀਤੀ ਹੈ। ਇਸ ਦੇ ਨਾਲ ਸਿੱਖਸ ਫਾਰ ਜਸਟਿਸ (ਐੱਸ ਐੱਫ ਜੇ) ਨੇ ਸ਼ਹੀਦ ਫੌਜੀਆਂ ਦੇ ਨਾਲ ਹਮਦਰਦੀ ਜ਼ਾਹਰ ਕੀਤੀ ਹੈ। ਰੋਪੜ ਰੇਂਜ ਦੇ ਆਈ ਜੀ ਅਮਿਤ ਪ੍ਰਸਾਦ ਨੇ ਪੰਨੂ ਖਿਲਾਫ ਭਾਰਤੀ ਫੌਜੀਆਂ ਨੂੰ ਭੜਕਾਉਣ ਦੇ ਦੋਸ਼ ਹੇਠ ਦੇਸ਼ ਧ੍ਰੋਹ ਦਾ ਕੇਸ ਦਰਜ ਕਰਨ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਦੇਸ਼ ਦੇ ਲੋਕਾਂ ਨੂੰ ਪੰਨੂ ਵੱਲੋਂ ਕੀਤੇ ਜਾਂਦੇ ਨਾਂਹ-ਪੱਖੀ ਏਜੰਡੇ ਵਿਰੁੱਧ ਲੜਨ ਲਈ ਅੱਗੇ ਆਉਣਾ ਚਾਹੀਦਾ ਹੈ।

# ਚੀਨੀ ਸੋਸ਼ਲ ਮੀਡੀਆ ਸਾਈਟਾਂ ਨੇ ਭਾਰਤੀ ਪ੍ਰਧਾਨ ਮੰਤਰੀ ਮੋਦੀ ਦਾ ਭਾਸ਼ਣ ਹਟਾਇਆ

ਬੀਜਿੰਗ, 21 ਜੂਨ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਬੀਤੀ 18 ਜੂਨ ਨੂੰ ਮੁੱਖ ਮੰਤਰੀਆਂ ਦੀ ਇੱਕ ਬੈਠਕ ਵਿੱਚ ਦਿੱਤੇ ਭਾਸ਼ਣ ਨੂੰ ਵੀਬੋ ਸਣੇ ਦੋ ਚੀਨੀ ਸੋਸ਼ਲ ਮੀਡੀਆ ਸਾਈਟਾਂ ਤੋਂ ਹਟਾ ਦਿੱਤਾ ਗਿਆ ਹੈ। ਭਾਰਤੀ ਦੂਤਘਰ ਦੇ ਅਧਿਕਾਰੀਆਂ ਨੇ ਦੱਸਿਆ ਕਿ ਵਿਦੇਸ਼ ਮੰਤਰਾਲੇ ਦੇ ਬੁਲਾਰੇ ਦੀਆਂ ਟਿੱਪਣੀਆਂ ਵੀ ਡਿਲੀਟ ਕਰ ਦਿੱਤੀਆਂ ਹਨ। ਏਦਾਂ ਦਾ ਕਦਮ ਬੀਤੇ ਸੋਮਵਾਰ ਪੂਰਬੀ ਲੱਦਾਖ ਦੀ ਗਲਵਾਨ ਘਾਟੀ ਵਿਚ ਭਾਰਤੀ ਤੇ ਚੀਨੀ ਫ਼ੌਜਾਂ ਵਿਚਾਲੇ ਹਿੰਸਕ ਝੜਪ ਵਾਲੇ ਹਾਲਾਤ ਵਿੱਚ ਉਠਾਇਆ ਗਿਆ ਹੈ। ਗਲਵਾਨ ਘਾਟੀ ਵਿਚ 20 ਭਾਰਤੀ ਫ਼ੌਜੀ ਮਾਰੇ ਗਏ ਸਨ।

ਭਾਰਤੀ ਦੂਤਘਰ ਦੇ ਅਧਿਕਾਰੀਆਂ ਨੇ ਅੱਜ ਏਥੇ ਦੱਸਿਆ ਕਿ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਨੁਰਾਗ ਸ਼੍ਰੀਵਾਸਤਵ ਦੀਆਂ ਟਿੱਪਣੀਆਂ ਨੂੰ 18 ਜੂਨ ਨੂੰ ਦੂਤਘਰ ਦੇ ਸਾਈਨਾ ਵੀਬੋ ਅਕਾਊਂਟ ਤੋਂ ਹਟਾ ਦਿੱਤਾ ਗਿਆ ਸੀ। ਉਸ ਪਿੱਛੋਂ ਭਾਰਤੀ ਅਧਿਕਾਰੀਆਂ ਨੇ 19 ਜੂਨ ਨੂੰ ਸ਼੍ਰੀਵਾਸਤਵ ਦੀਆਂ ਟਿੱਪਣੀਆਂ ਦਾ ਸਕਰੀਨ ਸ਼ਾਟ ਫਿਰ ਪਾਇਆ ਸੀ। ਚੀਨ ਵਿੱਚ ਟਵਿੱਟਰ ਵਰਗੀ ਸਾਈਟ ਵੀਬੋ ਦੇ ਲੱਖਾਂ ਯੂਜ਼ਰਜ਼ ਹਨ ਅਤੇ ਬੀਜਿੰਗ ਵਿਚ ਸਾਰੇ ਦੂਤਘਰਾਂ ਦੇ ਇਲਾਵਾ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਵਿਸ਼ਵ ਦੇ ਕਈ ਆਗੂਆਂ ਨੇ ਚੀਨੀ ਲੋਕਾਂ ਨਾਲ ਗੱਲਬਾਤ ਲਈ ਇਸ ਸਾਈਟ ਉੱਤੇ ਅਕਾਊਂਟ ਖੋਲ੍ਹ ਰੱਖੇ ਹਨ। ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਦੀਆਂ ਟਿੱਪਣੀਆਂ ਨੂੰ ਵੀਚੈਟ ਅਕਾਊਂਟ ਤੋਂ ਵੀ ਹਟਾ ਦਿੱਤਾ ਗਿਆ ਅਤੇ ਵੀਚੈਟ ਉੱਤੇ ਇਕ ਨੋਟ ਵਿਚ ਕਿਹਾ ਗਿਆ ਹੈ ਕਿ ਅਸੀਂ ਇਸ ਸਮੱਗਰੀ ਨੂੰ ਦਿਖਾਉਣ ਤੋਂ ਅਸਮਰਥ ਹਾਂ, ਕਿਉਂਕਿ ਇਹ ਨਿਯਮਾਂ ਦਾ ਉਲੰਘਣ ਕਰ ਰਹੀ ਹੈ। ਇਨ੍ਹਾਂ ਟਿੱਪਣੀਆਂ ਵਿਚ ਅਨੁਰਾਗ ਸ਼੍ਰੀਵਾਸਤਵ ਨੇ ਚੀਨ ਨੂੰ ਕਿਹਾ ਸੀ ਕਿ ਆਪਣੀਆਂ ਸਰਗਰਮੀਆਂ ਨੂੰ ਅਸਲੀ ਕੰਟਰੋਲ ਰੇਖਾ ਤਕ ਸੀਮਤ ਰੱਖੇ ਤੇ ਇਸ ਨੂੰ ਬਦਲਣ ਲਈ ਇਕ-ਤਰਫਾ ਕਾਰਵਾਈ ਨਾ ਕਰੇ। ਇਸ ਦੇ ਬਾਅਦ ਗਲਵਾਨ ਘਾਟੀ ਵਿਚ ਮਾਰੇ ਗਏ ਭਾਰਤੀ ਫ਼ੌਜੀਆਂ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 18 ਜੂਨ ਦੀ ਟਿੱਪਣੀ ਵੀ ਵੀਚੈਟ ਉੱਤੇ ਨਹੀਂ ਲੱਭਦੀ ਤੇ ਪੇਜ ਕਹਿੰਦਾ ਹੈ ਕਿ ਸਮੱਗਰੀ ਲੇਖਕ ਨੇ ਹਟਾ ਦਿੱਤੀ ਹੈ। ਭਾਰਤੀ ਦੂਤਘਰ ਦੇ ਅਧਿਕਾਰੀਆਂ ਨੇ ਕਿਹਾ ਕਿ ਉਨ੍ਹਾਂ ਨੇ ਇਸ ਨੂੰ ਨਹੀਂ ਹਟਾਇਆ।

# ਬਹਿਬਲ ਕਲਾਂ ਗੋਲੀ ਕਾਂਡ: ਵਿਸ਼ੇਸ਼ ਜਾਂਚ ਟੀਮ ਵੱਲੋਂ ਤੀਸਰੀ ਗ੍ਰਿਫਤਾਰੀ

ਫਰੀਦਕੋਟ, 21 ਜੂਨ, (ਪੋਸਟ ਬਿਊਰੋ)- ਪੰਜ ਸਾਲ ਪਹਿਲਾਂ ਵਾਪਰੇ ਬਰਗਾੜੀ ਬੇਅਦਬੀ ਕਾਂਡ ਮਗਰੋਂ ਰੋਸ ਕਰਦੇ ਲੋਕਾਂ ਉੱਤੇ ਪੁਲਸ ਵੱਲੋਂ ਗੋਲੀ ਚਲਾਏ ਜਾਣ ਬਾਰੇ ਬਹਿਬਲ ਕਲਾਂ ਗੋਲੀ ਕਾਂਡ ਕੇਸ ਵਿੱਚ ਪੰਜਾਬ ਪੁਲਸ ਦੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੇ ਅੱਜ ਸ਼ਨੀਵਾਰ ਤੀਸਰੀ ਗ੍ਰਿਫਤਾਰੀ ਕੀਤੀ ਹੈ। ਪੁਲਸ ਮੁਲਾਜ਼ਮਾਂ ਦੇ ਨਾਲ ਮਿਲ ਕੇ ਸਾਜਿਸ਼ ਰਚਣ ਤੇ ਸਵੈ-ਰੱਖਿਆ ਦੀ ਝੂਠੀ ਕਹਾਣੀ ਘੜਨ ਦੇ ਦੋਸ਼ ਹੇਠ ਪੰਕਜ ਮੋਟਰਜ਼ ਮੋਗਾ ਦੇ ਮਾਲਕ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਕੇਸ ਵਿੱਚ ਇਸ ਹਫਤੇ ਪੁਲਸ ਵੱਲੋਂ ਕੀਤੀ ਦੂਸਰੀ ਤੇ ਅੱਜ ਤੱਕ ਦੀ ਤੀਸਰੀ ਗ੍ਰਿਫਤਾਰੀ ਹੈ, ਜਿਸ ਵਿੱਚ ਮੋਗਾ ਦਾ ਸਾਬਕਾ ਐੱਸ ਐੱਸ ਪੀ ਚਰਨਜੀਤ ਸ਼ਰਮਾ ਮੁੱਖ ਦੋਸ਼ੀ ਹੈ। ਉਸ ਦਾ ਸਾਥੀ ਸੋਹੇਲ ਸਿੰਘ ਬਰਾੜ ਐਡਵੋਕੇਟ ਵਿਸ਼ੇਸ਼ ਜਾਂਚ ਟੀਮ ਨੇ ਬੀਤੀ 16 ਜੂਨ ਨੂੰ ਗ੍ਰਿਫਤਾਰ ਕਰ ਲਿਆ ਸੀ। ਚਰਨਜੀਤ ਸ਼ਰਮਾ ਇਸ ਵਕਤ ਸਿਹਤ ਦੇ ਖਰਾਬ ਹੋਣ ਦੇ ਅਧਾਰ ਉੱਤੇ ਅਦਾਲਤ ਵੱਲੋਂ ਅੰਤਰਿਮ ਜ਼ਮਾਨਤ ਉੱਤੇ ਹੈ।

ਇਸ ਸੰਬੰਧ ਵਿੱਚ ਐੱਸ ਆਈ ਟੀ ਦੇ ਮੁੱਖ ਜਾਂਚ ਅਫਸਰ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਦੱਸਿਆ ਕਿ ਪੰਕਜ ਮੋਟਰਜ਼ ਦੇ ਮਾਲਕ ਪੰਕਜ ਬਾਂਸਲ ਨੂੰ ਚਰਨਜੀਤ ਸ਼ਰਮਾ ਦੀ ਜਿਪਸੀ ਉੱਤੇ ਗੋਲੀਆਂ ਚਲਾਉਣ ਦੇ ਦੋਸ਼ੀਆਂ ਵੱਲੋਂ ਆਪਣੇ ਬਚਾਅ ਦੀ ਝੂਠੀ ਕਹਾਣੀ ਨੂੰ ਬਣਾਉਣ ਵਿੱਚ ਜਾਣ ਬੁੱਝ ਕੇ ਮਦਦ ਦੇਣ ਲਈ ਗ੍ਰਿਫਤਾਰ ਕੀਤਾ ਗਿਆ ਹੈ। ਉਸ ਗੋਲੀ ਕਾਂਡ ਦੀ ਘਟਨਾ ਵੇਲੇ ਫਰੀਦਕੋਟ ਵਿੱਚ ਪੰਕਜ ਸ਼ਰਮਾ ਦੀ ਆਟੋਮੋਬਾਈਲ ਵਰਕਸ਼ਾਪ ਸੀ। ਐੱਸ ਆਈ ਟੀ ਜਾਂਚ ਤੋਂ ਪਤਾ ਲੱਗਾ ਕਿ ਪੁਲਿਸ ਫਾਇਰਿੰਗ ਦੀ ਘਟਨਾ ਪਿੱਛੋਂ ਪੰਕਜ ਬਾਂਸਲ ਨੇ ਇਸ ਕੇਸ ਦੇ ਝੂਠੇ ਸਬੂਤ ਘੜਨ ਲਈ ਪੁਲਸ ਦੀ ਮਦਦ ਵਾਸਤੇ ਮੁੱਖ ਭੂਮਿਕਾ ਨਿਭਾਈ ਸੀ। ਜਾਂਚ ਅਧਿਕਾਰੀਆਂ ਅਨੁਸਾਰ ਬਰਗਾੜੀ ਤੇ ਹੋਰ ਥਾਵਾਂ ਉੱਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਕਈ ਘਟਨਾਵਾਂ ਹੋਣ ਪਿੱਛੋਂ ਜਦੋਂ 14 ਅਕਤੂਬਰ 2015 ਨੂੰ ਬਹਿਬਲ ਕਲਾਂ ਵਿਖੇ ਸ਼ਾਂਤਮਈ ਧਰਨੇ ਉੱਤੇ ਬੈਠੇ ਨਿਰਦੋਸ਼ ਲੋਕਾਂ ਉੱਤੇ ਫਾਇਰਿੰਗ ਹੋਈ ਤਾਂ ਫਾਇਰਿੰਗ ਲਈ ਜ਼ਿੰਮੇਵਾਰ ਪੁਲਿਸ ਟੀਮ ਨੇ ਸਵੈ-ਰੱਖਿਆ ਦੀ ਸਾਜ਼ਿਸੀ ਕਹਾਣੀ ਘੜੀ ਸੀ। ਇਸ ਸਵੈ-ਰੱਖਿਆ ਦੀ ਕਹਾਣੀ ਨੂੰ ਸਾਬਤ ਕਰਨ ਲਈ ਓਦੋਂ ਦੇ ਮੋਗਾ ਦੇ ਐੱਸ ਐੱਸ ਪੀ ਚਰਨਜੀਤ ਸਿੰਘ ਸ਼ਰਮਾ ਦੀ ਪਾਇਲਟ ਜਿਪਸੀ ਨੂੰ ਉਨ੍ਹਾਂ ਨੇ ਖੁਦ ਗੋਲੀਆਂ ਮਾਰ ਕੇ ਝੂਠੇ ਸਬੂਤ ਬਣਾਏ ਸਨ ਤੇ ਇਸ ਮਾਮਲੇ ਵਿੱਚ ਜਾਂਚ ਟੀਮ ਵੱਲੋਂ ਗ੍ਰਿਫਤਾਰੀਆਂ ਹੋ ਰਹੀਆਂ ਹਨ।

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also



Sponsor Your Family

MacroGlobal Immigration Services Ltd.
Seema Bhayana
ICCRC Member
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Paramjit Deol
Broker
CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca


"Your neighborhood broker, Call Paramjit Deol Today"

**Mississauga $749,000**

**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**


**3210 Highway 7 Rd 5511:** Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**

**Westmount/Blockline Rd:** Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**

**39 Shiff Cres:** This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard, Entrance Garage From Inside.


**MISSISSAUGA $299,000**
Photo Not Available
**7885 Tranmere Dr:** Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Mississisauga $749,000**

**7089 Torbram Rd :** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**
Photo Not Available
**23 Wilmot St:** Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**
Photo Not Available
**Simcoe St/Highway 407:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**
Photo Not Available
**115 Orenda Dr:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks, Very Low Rent, Tons Of Inventory.

**Brampton $749,000**

**Mississauga Rd/Sandalwood Pkwy :** 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**

**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit, 13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**

**124 Cornwall Rd:** Move In Ready Designer Concept, Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**

**Queen St/Logan Ave:** Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**


**King St/Industry:** Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**

**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

## ਟਵਿੱਟਰ ਨੇ ਅਮਰੀਕੀ ਰਾਸ਼ਟਰਪਤੀ ਟਰੰਪ ਦੇ ਟਵੀਟ ਉੱਤੇ ਫਿਰ ਚਿਤਾਵਨੀ ਅਟੈਚ ਕੀਤੀ

ਵਾਸ਼ਿੰਗਟਨ, 21 ਜੂਨ, (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਟਵੀਟ ਉੱਤੇ ਟਵਿੱਟਰ ਕੰਪਨੀ ਨੇ ਫਿਰ 'ਮੈਨਿਪੁਲੇਟਿਡ ਮੀਡੀਆ' ਦੀ ਚਿਤਾਵਨੀ ਲਾ ਦਿੱਤੀ ਹੈ। ਇਸ ਮਾਈਕ੍ਰੋ ਬਲਾਗਿੰਗ ਸਾਈਟ ਨੇ ਇਸ ਵਾਰ ਏਦਾਂ ਦੀ ਚਿਤਾਵਨੀ ਡੋਨਾਲਡ ਟਰੰਪ ਵਲੋਂ ਕੀਤੇ ਇਕ ਟਵੀਟ 'ਰੇਸਿਸਟ ਬੇਬੀ' ਵੀਡੀਓ ਕਾਰਨ ਲਾਈ ਗਈ ਹੈ। ਇਸ ਤੋਂ ਪਹਿਲਾਂ ਮਾਰਚ ਵਿਚ ਰਾਸ਼ਟਰਪਤੀ ਟਰੰਪ ਦੇ ਉਸ ਵੀਡੀਓ ਨਾਲ ਵੀ 'ਮੈਨਿਪੁਲੇਟਿਡ ਮੀਡੀਆ' ਵਾਲੀ ਚਿਤਾਵਨੀ ਅਟੈਚ ਕੀਤੀ ਗਈ ਸੀ, ਜਿਹੜਾ ਉਨ੍ਹਾਂ ਦੇ ਸਿਆਸੀ ਵਿਰੋਧੀ ਬੀਡੇਨ ਨਾਲ ਸਬੰਧਤ ਸੀ।

ਵਰਨਣ ਯੋਗ ਹੈ ਕਿ ਇਸ ਵੀਰਵਾਰ ਨੂੰ ਡੋਨਾਲਡ ਟਰੰਪ ਨੇ ਇੱਕ ਵੀਡੀਓ ਟਵੀਟ ਕੀਤੀ ਸੀ, ਜਿਸ ਵਿਚ ਇਕ ਗੈਰ-ਗੋਰੇ ਬੱਚੇ ਦੇ ਪਿੱਛੇ ਗੋਰਾ ਬੱਚਾ ਭੱਜਦਾ ਦਿਖਾਈ ਦੇਂਦਾ ਹੈ। ਇਸ ਨਾਲ ਲਿਖਿਆ ਗਿਆ ਸੀ ਕਿ ਜਾਤੀਵਾਦੀ ਬੱਚੇ ਤੋਂ ਭੱਜਦਾ ਡਰਿਆ ਹੋਇਆ ਬੱਚਾ। ਇਸ ਨਾਲ ਸੀ ਐੱਨ ਐੱਨ ਦਾ ਅਸਲੀ ਵੀਡੀਓ ਦਿਖਾਇਆ ਗਿਆ ਸੀ, ਜਿਸ ਵਿਚ ਦੋਵੇਂ ਬੱਚੇ ਖੇਡ ਰਹੇ ਹਨ ਤੇ ਆਪੋ ਵਿਚ ਗਲੇ ਮਿਲ ਰਹੇ ਹਨ। ਅਖੀਰ ਵਿਚ ਇਸ ਸੰਦੇਸ਼ ਚੱਲਦਾ ਹੈ ਕਿ ਸਮੱਸਿਆ ਅਮਰੀਕਾ ਨਹੀਂ, ਫੇਕ ਨਿਊਜ਼ ਹੈ। ਸੀ ਐੱਨ ਐੱਨ ਨੇ ਮੂਲ ਵੀਡੀਓ ਦੀ ਵਰਤੋਂ ਬੱਚਿਆਂ ਦੀ ਦੋਸਤੀ ਨਾਲ ਸਬੰਧਿਤ ਇਕ ਨਿਊਜ਼ ਵਿਚ ਕੀਤੀ ਸੀ, ਜਿਸ ਨੂੰ ਟਰੰਪ ਨੇ ਆਪਣੀ ਮਰਜ਼ੀ ਨਾਲ ਵਰਤਿਆ ਸੀ।

ਟਵਿੱਟਰ ਨੇ ਟਰੰਪ ਦੇ ਇਸ ਟਵੀਟ ਦੇ ਨਾਲ ਛੇੜ-ਛਾੜ ਕਰ ਬਣਾਏ ਹੋਣ ਦੀ ਚਿਤਾਵਨੀ ਜੋੜ ਦਿੱਤੀ ਅਤੇ ਉਸ ਦੇ ਨਾਲ ਲਿੰਕ ਸ਼ਾਮਲ ਕਰ ਦਿੱਤਾ ਸੀ, ਜੋ ਯੂਜ਼ਰਜ਼ ਨੂੰ ਉਸ ਪੇਜ ਤੱਕ ਲੈ ਜਾਂਦਾ ਹੈ, ਜਿਥੇ ਕਈ ਪੱਤਰਕਾਰ ਵੀਡੀਓ ਨੂੰ ਐਡਿਟ ਕਰਨ ਪਿੱਛੋਂ ਸੀ ਐੱਨ ਐੱਨ ਵਰਗਾ ਬਣਾਉਣ ਦੀ ਗੱਲ ਕਹਿੰਦੇ ਹਨ। ਇਹ ਵੀਡੀਓ ਟਰੰਪ ਦੀ ਟਾਈਮਲਾਈਨ ਉੱਤੇ ਇਸ ਦੇ ਬਾਅਦ ਵੀ ਦਿਖਾਈ ਦੇ ਰਿਹਾ ਹੈ। ਇਹ ਵੀਡੀਓ ਟਰੰਪ ਕਾਰਪ ਨੇ ਪ੍ਰੋਡਿਊਸ ਕੀਤਾ ਹੈ, ਜਿਨ੍ਹਾਂ ਨੂੰ ਪਿਛਲੇ ਸਾਲ ਟਵਿੱਟਰ ਨੇ ਨਿਯਮਾਂ ਦੇ ਉਲੰਘਣ ਦੇ ਦੋਸ਼ ਵਿਚ ਸਸਪੈਂਡ ਕਰ ਦਿੱਤਾ ਸੀ। ਟਵਿੱਟਰ ਵੱਲੋਂ ਪਿਛਲੇ ਮਹੀਨੇ ਆਪਣੇ ਦੋ ਟਵੀਟਸ ਉੱਤੇ ਫੈਕਟ ਚੈੱਕ ਚਿਤਾਵਨੀ ਲਾਏ ਜਾਣ ਪਿੱਛੋਂ ਵੀ ਡੋਨਾਲਡ ਟਰੰਪ ਇਸ ਸੋਸ਼ਲ ਮੀਡੀਆ ਵੈੱਬਸਾਈਟ ਉੱਤੇ ਭੜਕ ਪਏ ਸਨ। ਉਨ੍ਹਾਂ ਸੋਸ਼ਲ ਮੀਡੀਆ ਕੰਪਨੀਆਂ ਲਈ ਨਵੀਂ ਰੈਗੂਲੇਟਰੀ ਲਿਆਉਣ ਦੀ ਚਿਤਾਵਨੀ ਵੀ ਦੇ ਦਿੱਤੀ ਸੀ।

## 350 ਕਰੋੜ ਦੇ ਫਰਜ਼ੀ ਬਿਲ ਘਪਲੇ ਵਿੱਚ ਦੋ ਹੋਰ ਦੋਸ਼ੀ ਗ੍ਰਿਫਤਾਰ

ਮੰਡੀ ਗੋਬਿੰਦਗੜ੍ਹ, 21 ਜੂਨ (ਪੋਸਟ ਬਿਊਰੋ)- ਸੈਂਟਰਲ ਜੀ ਐੱਸ ਟੀ ਵਿਭਾਗ ਨੇ ਬੀਤੇ ਦਿਨੀਂ ਮੰਡੀ ਗੋਬਿੰਦਗੜ੍ਹ ਵਿੱਚ ਕਰੀਬ 350 ਕਰੋੜ ਦੇ ਫਰਜ਼ੀ ਬਿੱਲਾਂ ਦੇ ਘਪਲੇ ਬਾਰੇ ਕਿੰਗ ਪਿਨ ਸਮੇਤ ਉਸ ਦੇ ਦੋ ਪੁੱਤਰਾਂ ਨੂੰ ਗ੍ਰਿਫਤਾਰ ਕੀਤਾ ਸੀ। ਕੱਲ੍ਹ ਇਸ ਗੈਂਗ ਨਾਲ ਜੁੜੇ ਦੋ ਹੋਰ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ, ਜਿਨ੍ਹਾਂ ਦੀ ਪਛਾਣ ਅਭਿਸ਼ੇਕ ਮੌਦਗਿਲ ਤੇ ਸਾਹਿਲ ਸ਼ਰਮਾ ਦੇ ਰੂਪ ਵਿੱਚ ਹੋਈ ਹੈ ਅਤੇ ਅੱਗੇ ਦੀ ਜਾਂਚ ਚੱਲ ਰਹੀ ਹੈ।

ਜ਼ਿਲਾ ਫਤਿਹਗੜ੍ਹ ਸਾਹਿਬ ਦੀ ਅਸਿਸਟੈਂਟ ਐਕਸਾਈਜ਼ ਐਂਡ ਟੈਕਸੇਸ਼ਨ ਕਮਿਸ਼ਨਰ (ਏ ਈ ਟੀ ਸੀ) ਸੁਨੀਤਾ ਬੱਤਰਾ ਨੇ ਦੱਸਿਆ ਹੈ ਕਿ ਸਟੇਟ ਜੀ ਐੱਸ ਟੀ ਵਿਭਾਗ ਤੇ ਫਤਿਹਗੜ੍ਹ ਸਾਹਿਬ ਦੀ ਟੀਮ ਨੇ ਬੀਤੇ ਦੋ ਦਿਨਾਂ ਵਿੱਚ ਬਿਨਾਂ ਇਨਵਾਇਸ, ਈ ਵੇਅ ਬਿੱਲਾਂ ਨਾਲ ਲੋਹਾ ਸਕਰੈਪ ਵਾਲੇ 24 ਟਰੱਕਾਂ ਨੂੰ ਫੜਿਆ ਹੈ। ਕੱਲ੍ਹ ਫੜੇ ਗਏ ਲੋਕਾਂ ਉੱਤੇ ਫਰਜ਼ੀ ਇਨਵਾਇਸ ਜਾਰੀ ਕਰਨ ਦਾ ਦੋਸ਼ ਹੈ। ਪਹਿਲਾਂ ਕੀਤੀ ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਸੀ ਕਿ ਕਈ ਫਰਮਾਂ ਵੱਲੋਂ ਮਿਲ ਕੇ ਫਰਜ਼ੀ ਇਨਵਾਇਸ ਬਣਾ ਕੇ ਵੱਖ-ਵੱਖ ਲੋਹਾ ਫਰਮਾਂ ਨੂੰ ਫਰਜ਼ੀ ਇਨਪੁਟ ਟੈਕਸ ਕ੍ਰੈਡਿਟ ਪਾਸ ਕੀਤਾ ਗਿਆ ਸੀ। ਏ ਈ ਟੀ ਸੀ ਸੁਨੀਤਾ ਬੱਤਰਾ ਨੇ ਦੱਸਿਆ ਕਿ ਅਭਿਸ਼ੇਕ ਮੌਦਗਿਲ ਚਾਰ ਫਰਮਾਂ ਏ ਐੱਮ ਇੰਟਰਪ੍ਰਾਈਜ਼ਿਜ, ਮੰਡੀ ਗੋਬਿੰਦਗੜ੍ਹ, ਐੱਮ ਪੀ ਐੱਸ ਇੰਟਰਪ੍ਰਾਈਜ਼ਿਜ, ਮਹਾਦੇਵ ਮੈਟਲਜ ਚੰਡੀਗੜ੍ਹ ਅਤੇ ਮਨੀ ਮਹੇਸ਼ ਅਲਾਇਜ ਪੰਚਕੂਲਾ ਦਾ ਪ੍ਰੋਪ੍ਰਾਈਟਰ ਹੈ। ਸਾਹਿਲ ਸ਼ਰਮਾ, ਸਾਹਿਲ ਇੰਟਰਪ੍ਰਾਈਜ਼ਿਜ਼ ਦਾ ਪ੍ਰੋਪ੍ਰਾਈਟਰ ਹੈ ਅਤੇ ਏ ਐੱਸ ਇੰਟਰਪ੍ਰਾਈਜ਼ਿਜ਼ ਵਿੱਚ ਹਿੱਸੇਦਾਰ ਹੈ। ਉਨ੍ਹਾਂ ਦੱਸਿਆ ਕਿ ਮੰਡੀ ਗੋਬਿੰਦਗੜ੍ਹ ਵਿੱਚ ਬੀਤੀ 12 ਜੂਨ ਨੂੰ ਸਵੇਰੇ ਸੈਂਟਰਲ ਜੀ ਐੱਸ ਟੀ ਵਿਭਾਗ ਨੇ ਵੱਖ-ਵੱਖ ਥਾਵਾਂ 'ਤੇ ਛਾਪੇ ਮਾਰ ਕੇ ਕਰੀਬ 47 ਕਰੋੜ ਰੁਪਏ ਦੀ ਜੀ ਐੱਸ ਟੀ ਚੋਰੀ ਕਰਨ ਵਾਲੇ ਕਿੰਗ ਪਿਨ ਗੰਗਾ ਰਾਮ ਨੂੰ ਉਸ ਦੇ ਦੋ ਪੁੱਤਰਾਂ ਸਮੇਤ ਫੜਿਆ ਸੀ। ਇਹ ਛਾਪੇ ਐਡੀਸ਼ਨਲ ਕਮਿਸ਼ਨਰ ਇਨਵੈਸਟੀਗੇਸ਼ਨ ਸ਼ੌਕਤ ਅਹਿਮਦ ਦੀ ਅਗਵਾਈ ਵਿੱਚ ਮਾਰੇ ਗਏ ਸਨ, ਜਿਸ ਵਿੱਚ ਲੁਧਿਆਣਾ-ਜਲੰਧਰ ਜੀ ਐੱਸ ਟੀ ਵਿਭਾਗ ਦੀਆਂ ਮੋਬਾਈਲ ਵਿੰਗ ਟੀਮਾਂ ਨੇ ਸ਼ਹਿਰ ਵਿੱਚ ਜੀ ਐੱਸ ਟੀ ਚੋਰੀ ਕਰਨ ਵਾਲੇ ਪੰਜ ਜਣਿਆਂ ਦੇ ਵੱਖ-ਵੱਖ ਟਿਕਾਣਿਆਂ 'ਤੇ ਛਾਪਾ ਮਾਰਿਆ ਜਿਸ ਵਿੱਚ ਦੋ ਜਣੇ ਫਰਾਰ ਹੋ ਗਏ ਸਨ। ਜਿਸ ਵਿੱਚ ਦੋਸ਼ੀਆਂ ਦੀ ਪਛਾਣ ਗੰਗਾ ਰਾਮ ਅਤੇ ਉਸ ਦੇ ਦੋ ਪੁੱਤਰਾਂ ਅਮਿਤ ਅਤੇ ਵਿਸ਼ੇਸ਼ ਵਾਸੀ ਅਮਲੋਹ ਜ਼ਿਲਾ ਫਤਿਹਗੜ੍ਹ ਸਾਹਿਬ ਦੇ ਤੌਰ 'ਤੇ ਹੋਈ ਸੀ।



# REQUEST FOR PROPOSAL (RFP)

**PEEL DISTRICT SCHOOL BOARD**
5650 Hurontario Street
Mississauga, Ontario, L5R 1C6

**RFPMC20-4494**

**For the Services of an Integrity Commissioner**

**CLOSING DATE:** Monday, July 6, 2020 @ 3:00 p.m.

This RFP is now available for electronic download from the Bonfire portal at

**https://peelsb.bonfirehub.ca/**

and from the Biddingo portal at

**www.biddingo.com**

Detailed submission instructions can be found in the Bonfire portal.

*Proposals must be submitted in the BONFIRE portal (as outlined in the RFP) on or before the Submission Deadline. Proposals submitted after the Submission Deadline will be rejected.*

peel District School Board

www.peelschools.org

## ਹਰ ਸਾਲ ਇੱਕ ਅਰਬ ਬੱਚੇ ਹੁੰਦੇ ਨੇ ਹਿੰਸਾ ਦਾ ਸ਼ਿਕਾਰ

ਯੂ ਐੱਨ ਓ, 21 ਜੂਨ (ਪੋਸਟ ਬਿਊਰੋ)- ਬੱਚਿਆਂ ਨੂੰ ਸੁਰੱਖਿਅਤ ਰੱਖਣ ਦੀਆਂ ਸਥਾਪਿਤ ਨੀਤੀਆਂ ਦੀ ਪਾਲਣਾ ਕਰਨ 'ਚ ਲਗੱਭਗ ਸਾਰੇ ਦੇਸ਼ਾਂ ਦੇ ਅਸਫਲ ਰਹਿਣ ਕਾਰਨ ਦੁਨੀਆਂ ਭਰ ਦੇ ਅੱਧੇ ਤੋਂ ਵੱਧ ਬੱਚੇ ਯਾਨੀ ਇੱਕ ਅਰਬ ਬੱਚੇ ਹਰ ਸਾਲ ਸਰੀਰਿਕ, ਸੈਕਸ ਅਤੇ ਮਨੋਵਿਗਿਆਨੀ ਹਿੰਸਾ ਤੋਂ ਪ੍ਰਭਾਵਤ ਹੁੰਦੇ, ਜਖ਼ਮੀ ਹੁੰਦੇ ਅਤੇ ਮਾਰੇ ਜਾਂਦੇ ਹਨ। ਯੂ ਐੱਨ ਦੀ ਆਪਣੀ ਤਰ੍ਹਾਂ ਦੀ ਪਹਿਲੀ ਰਿਪੋਰਟ 'ਚ ਇਹ ਗੱਲ ਕਹੀ ਗਈ ਹੈ।

ਇਸ ਰਿਪੋਰਟ ਵਿੱਚ ਮਾਹਰਾਂ ਨੇ ਦਰਜ ਕੀਤਾ ਹੈ ਕਿ ਕੋਰੋਨਾ ਵਾਇਰਸ ਦੇ ਕਾਰਨ ਵੱਖ-ਵੱਖ ਦੇਸ਼ਾਂ ਵਿੱਚ ਲੱਗੇ ਲਾਕਡਾਊਨ ਕਾਰਨ ਬਹੁਤ ਸਾਰੇ ਬੱਚਿਆਂ ਨੂੰ ਆਪਣੇ ਨਾਲ ਦੁਰ-ਵਿਹਾਰ ਕਰਨ ਵਾਲਿਆਂ ਨਾਲ ਲਗਾਤਾਰ ਰਹਿਣ 'ਤੇ ਮਜ਼ਬੂਰ ਹੋਣਾ ਪਿਆ। ਕੱਲ੍ਹ ਜਾਰੀ ਹੋਈ ਇਸ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਲਗੱਭਗ ਸਾਰੇ ਦੇਸ਼ਾਂ 'ਚ ਨਾਬਾਲਗਾਂ ਦੀ ਸੁਰੱਖਿਆ ਲਈ ਕਾਨੂੰਨ ਹਨ, ਪਰ ਅੱਧੇ ਤੋਂ ਵੀ ਘੱਟ ਨੇ ਮੰਨਿਆ ਹੈ ਕਿ ਉਹ ਸਖ਼ਤੀ ਨਾਲ ਇਨ੍ਹਾਂ ਨੂੰ ਲਾਗੂ ਕਰਦੇ ਹਨ।

ਡਬਲਯੂ ਐਚ ਓ (ਸੰਸਾਰ ਸਿਹਤ ਸੰਗਠਨ) ਦੇ ਮੈਨੇਜਿੰਗ ਡਾਇਰੈਕਟਰ ਤੇਦਰੋਸ ਅਧਾਨੋਮ ਗੇਬ੍ਰਯਸਸ ਨੇ ਕਿਹਾ ਕਿ ਬੱਚਿਆਂ ਖ਼ਿਲਾਫ਼ ਹੋਣ ਵਾਲੀ ਹਿੰਸਾ ਲਈ ਕੋਈ ਬਹਾਨਾ ਨਹੀਂ ਬਣਾਇਆ ਜਾ ਸਕਦਾ। ਉਨ੍ਹਾਂ ਨੇ ਕਿਹਾ ਕਿ ਸਾਡੇ ਕੋਲ ਇਸ ਨੂੰ ਰੋਕਣ ਲਈ ਸਬੂਤ ਆਧਾਰਿਤ ਰਸਤੇ ਹਨ, ਜਿਸ ਨੂੰ ਲਾਗੂ ਕਰਨ ਦੀ ਅਸੀਂ ਸਾਰੇ ਦੇਸ਼ਾਂ ਨੂੰ ਅਪੀਲ ਕਰਦੇ ਹਾਂ। ਬੱਚਿਆਂ ਦੀ ਸਿਹਤ ਅਤੇ ਤੰਦਰੁਸਤੀ ਦੀ ਰੱਖਿਆ ਕਰਨਾ ਸਾਡੇ ਲਈ ਅਹਿਮ ਹੈ।

ਇਸ ਰਿਪੋਰਟ 'ਚ ਸਾਰੇ ਦੇਸ਼ਾਂ ਨੂੰ ਇਨ੍ਹਾਂ ਰਣਨੀਤੀਆਂ ਨੂੰ ਲਾਗੂ ਕਰਨ ਦੇ ਯਤਨ ਤੇਜ਼ ਕਰਨ ਦੀ ਲੋੜ ਦਾ ਸਪੱਸ਼ਟ ਸੰਕੇਤ ਦਿੱਤਾ ਗਿਆ ਹੈ। ਯੂਨੀਸੇਫ ਦੀ ਕਾਰਜਕਾਰੀ ਡਾਇਰੈਕਟਰ ਹੇਨਰੀਟਾ ਫੋਰ ਨੇ ਕਿਹਾ ਕਿ ਬੱਚਿਆਂ ਖ਼ਿਲਾਫ਼ ਹਿੰਸਾ ਹਮੇਸ਼ਾ ਵਿਆਪਕ ਪੱਧਰ 'ਤੇ ਹੁੰਦੀ ਹੈ ਪਰ ਹੁਣ ਸਥਿਤੀਆਂ ਹੋਰ ਵਿਗੜ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਲਾਕਡਾਊਨ, ਸਕੂਲਾਂ ਦੇ ਬੰਦ ਹੋਣ ਅਤੇ ਆਵਾਜਾਈ 'ਤੇ ਪਾਬੰਦੀ ਕਾਰਨ ਕਈ ਬੱਚੇ ਦੁਰ-ਵਿਹਾਰ ਕਰਨ ਵਾਲਿਆਂ ਨਾਲ ਫਸ ਗਏ ਹਨ ਕਿਉਂਕਿ ਉਨ੍ਹਾਂ ਕੋਲ ਉਹ ਸੁਰੱਖਿਅਤ ਸਥਾਨ ਨਹੀਂ ਹੈ ਜੋ ਆਮ ਤੌਰ 'ਤੇ ਸਕੂਲ ਉਪਲਬਧ ਕਰਵਾਉਂਦੇ ਹਨ।

## ਕੇਂਦਰ ਸਰਕਾਰ ਦੇ ਆਰਡੀਨੈਂਸਾਂ ਬਾਰੇ ਕੈਪਟਨ ਨੇ 24 ਨੂੰ ਸਰਬ ਪਾਰਟੀ ਮੀਟਿੰਗ ਸੱਦੀ

ਚੰਡੀਗੜ੍ਹ, 21 ਜੂਨ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰ-ਦਰ ਸਿੰਘ ਨੇ ਕੇਂਦਰ ਸਰਕਾਰ ਦੇ ਖੇਤੀ ਨਾਲ ਸੰਬੰਧਤ ਆਰਡੀਨੈਂਸਾਂ 'ਤੇ ਰਾਏ ਬਣਾਉਣ ਲਈ 24 ਜੂਨ ਨੂੰ ਸਰਬ ਪਾਰਟੀ ਮੀਟਿੰਗ ਸੱਦ ਲਈ ਹੈ।

ਇਸ ਸੰਬੰਧ ਵਿੱਚ ਰੂ-ਬ-ਰੂ ਪ੍ਰੋਗਰਾਮ ਦੌਰਾਨ ਇਸ ਮੀਟਿੰਗ ਦੀ ਸੂਚਨਾ ਦੇਂਦੇ ਵਕਤ ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਇਹ ਆਰਡੀਨੈਂਸ ਪੰਜਾਬ ਲਈ ਪੂਰੀ ਤਰ੍ਹਾਂ ਨਾ-ਸਹਿਣ ਯੋਗ ਹਨ, ਕਿਉਂਕਿ ਜੋ ਇਹ ਕਿਸਾਨਾਂ ਦੇ ਹਿੱਤਾਂ ਵਿਰੁੱਧ ਜਾਂਦੇ ਹਨ ਅਤੇ ਘੱਟੋ-ਘੱਟ ਸਮਰਥਨ ਮੁੱਲ ਦਾ ਦੌਰ ਖਤਮ ਕਰ ਸਕਦੇ ਹਨ। ਉਨ੍ਹਾਂ ਕਿਹਾ ਭਾਰਤ ਸਰਕਾਰ ਘੱਟੋ ਘੱਟ ਸਮਰਥਨ ਮੁੱਲ ਦਾ ਖਾਤਮਾ ਕਰਨਾ ਚਾਹੁੰਦੀ ਹੈ ਅਤੇ ਇਹ ਆਰਡੀਨੈਂਸ ਇਸ ਦਾ ਮੁੱਢ ਹਨ।

ਮੁੱਖ ਮੰਤਰੀ ਨੇ ਚੀਨ ਵਾਲੀ ਕੰਟਰੋਲ ਰੇਖਾ ਉੱਤੇ ਚਾਰ ਪੰਜਾਬੀਆਂ ਸਣੇ ਵੀਹ ਭਾਰਤੀ ਫੌਜੀਆਂ ਦੇ ਮਾਰੇ ਜਾਣ 'ਤੇ ਦੁੱਖ ਪ੍ਰਗਟ ਕਰਦਿਆਂ ਕਿਹਾ, "ਅਸੀਂ ਐਟਮੀ ਯੁੱਗ ਵਿੱਚ ਰਹਿ ਰਹੇ ਹਾਂ ਅਤੇ ਅਸੀਂ ਡੰਡੇ ਲੈ ਕੇ ਜਾ ਰਹੇ ਹਾਂ ਅਤੇ ਸਾਡੇ ਲੋਕ ਡੰਡਿਆਂ ਨਾਲ ਕੁੱਟੇ ਜਾ ਰਹੇ ਹਨ।" ਉਨ੍ਹਾਂ ਕਿਹਾ ਕਿ ਸ਼ਹੀਦਾਂ ਦੇ ਵਾਰਸਾਂ ਦੇ ਮੁਆਵਜ਼ੇ ਨੂੰ 12 ਲੱਖ ਰੁਪਏ ਤੋਂ ਵਧਾ ਕੇ 50 ਲੱਖ ਰੁਪਏ ਕਰ ਦਿੱਤੇ ਤੇ ਪੰਜਾਬ ਸਰਕਾਰ ਨੇ ਸ਼ਹੀਦਾਂ ਦੇ ਨਾਂਅ 'ਤੇ ਸਕੂਲਾਂ ਦਾ ਨਾਂਅ ਰੱਖਣ ਦਾ ਫੈਸਲਾ ਕੀਤਾ ਹੈ।

## ਪਤਨੀ ਨਾਲ ਨਾਜਾਇਜ਼ ਸੰਬੰਧਾਂ ਦੇ ਸ਼ੱਕ ਵਿਚ ਨੌਜਵਾਨ ਦਾ ਕਤਲ ਕਰ ਕੇ ਰਾਵੀ ਵਿੱਚ ਛਾਲ

ਪਠਾਨਕੋਟ, 21 ਜੂਨ (ਪੋਸਟ ਬਿਊਰੋ)- ਨਰੋਟ ਜੈਮਲ ਸਿੰਘ ਦੇ ਪਿੰਡ ਗੁਗਰਾਂ ਵਿੱਚ ਪਤਨੀ ਨਾਲ ਨਾਜਾਇਜ਼ ਸੰਬੰਧਾਂ ਦੇ ਸ਼ੱਕ ਵਿੱਚ ਪਤੀ ਨੇ ਆਪਣੇ ਸਾਥੀ ਦੇ ਸਿਰ 'ਤੇ ਲੋਹੇ ਦੀ ਰਾਡ ਮਾਰੀ ਅਤੇ ਕਹੀ ਨਾਲ ਹਮਲਾ ਕਰ ਕੇ ਕਤਲ ਕਰ ਕੇ ਲਾਸ਼ ਕੂਹਲ ਵਿੱਚ ਸੁੱਟ ਦਿੱਤੀ। ਫਿਰ ਉਸ ਨੇ ਖੁਦ ਰਾਵੀ ਦਰਿਆ ਵਿੱਚ ਛਾਲ ਮਾਰ ਦਿੱਤੀ। ਦੋਸ਼ੀ ਦੇ ਬੱਚਿਆਂ ਨੇ ਦੱਸਿਆ ਕਿ ਪਿਤਾ ਦੀ ਵਿਅਕਤੀ ਨਾਲ ਮਾਰਕੁੱਟ ਹੋਈ ਅਤੇ ਬਾਅਦ ਵਿੱਚ ਪਿਤਾ ਨੇ ਖੁਦ ਦਰਿਆ ਵਿੱਚ ਛਾਲ ਮਾਰ ਦਿੱਤੀ ਹੈ। ਮ੍ਰਿਤਕ ਜੋਤਿਸ਼ ਠਾਕੁਰ ਬਿਹਾਰ ਦੇ ਪਿੰਡ ਸਕੇਲਾ ਦਾ ਵਸਨੀਕ ਸੀ ਅਤੇ ਦਰਿਆ ਵਿੱਚ ਛਾਲ ਮਾਰਨ ਵਾਲਾ ਤੇਜ ਨਾਰਾਇਣ ਵੀ ਬਿਹਾਰ ਦਾ ਵਾਸੀ ਸੀ। ਨਰੋਟ ਜੈਮਲ ਸਿੰਘ ਪੁਲਸ ਰਾਵੀ ਵਿੱਚ ਛਾਲ ਮਾਰਨ ਵਾਲੇ ਤੇਜ ਨਾਰ-ਾਇਣ 'ਤੇ ਕਤਲ ਦਾ ਕੇਸ ਦਰਜ ਕਰ ਕੇ ਉਸ ਨੂੰ ਦਰਿਆ ਵਿੱਚੋਂ ਲੱਭ ਰਹੀ ਹੈ। ਨਰੋਟ ਜੈਮਲ ਸਿੰਘ ਦੇ ਗੁਗਰਾਂ ਵਾਸੀ ਕ੍ਰਿਸ਼ਨ ਗੋਪਾਲ ਨੇ ਦੱਸਿਆ ਕਿ ਉਨ੍ਹਾਂ ਦੀ ਮੋਟਰ ਉੱਤੇ ਇੱਕ ਮਹੀਨੇ ਤੋਂ ਜੋਤਿਸ਼ੀ ਠਾਕੁਰ ਅਤੇ ਤੇਜ ਨਾਰਾਇਣ ਉਸ ਦੀ ਪਤਨੀ ਸੁਸ਼ੀਲਾ ਦੇਵੀ, ਤਿੰਨ ਬੱਚੇ ਲੇਬਰ ਵਜੋਂ ਰਹਿੰਦੇ ਹਨ। 18 ਜੂਨ ਨੂੰ ਸੁਸ਼ੀਲਾ ਉਨ੍ਹਾਂ ਦੇ ਘਰ ਆਈ ਤੇ ਦੱਸਿਆ ਕਿ ਉਸ ਦੇ ਪਤੀ ਅਤੇ ਜੋਤਿਸ਼ ਦਾ ਝਗੜਾ ਹੋ ਰਿਹਾ ਹੈ। ਜਦ ਉਹ ਪਹੁੰਚੇ ਤਾਂ ਉਹ ਉਥੇ ਨਹੀਂ ਸਨ। 19 ਨੂੰ ਕੂਹਲ ਵਿੱਚ ਜੋਤਿਸ਼ ਦੀ ਲਾਸ਼ ਮਿਲੀ। ਬੱਚਿਆਂ ਨੇ ਦੱਸਿਆ ਕਿ ਪਹਿਲਾਂ ਝਗੜਾ ਹੋਇਆ, ਫਿਰ ਪਿਤਾ ਨੇ ਪਾਣੀ ਵਿੱਚ ਛਾਲ ਮਾਰ ਦਿੱਤੀ।

# ਮਜਬੂਰੀ ਦੀ ਖਰੀਦਦਾਰੀ

-ਡਾਕਟਰ ਰਣਜੀਤ ਸਿੰਘ-

ਕੁਝ ਦਿਨ ਪਹਿਲਾਂ ਸੋਸ਼ਲ ਮੀਡੀਆ ਉਤੇ ਇੱਕ ਕਹਾਣੀ ਸੁਣੀ ਸੀ, ਜਿਹੜੀ ਮੈਂ ਪਾਠਕਾਂ ਨਾਲ ਸਾਂਝੀ ਕਰਨੀ ਚਾਹੁੰਦਾ ਹਾਂ। ਇਹ ਕਿਸੇ ਅਰਬ ਦੇਸ਼ ਦੀ ਕਹਾਣੀ ਹੈ। ਇੱਕ ਸ਼ੇਖ਼ ਨੇ ਘੋੜਾ ਖਰੀਦਣਾ ਸੀ, ਜਿਸ ਕਾਰਨ ਉਹ ਘੋੜਿਆਂ ਦੀ ਮੰਡੀ ਵਿੱਚ ਗਿਆ। ਉਸ ਨੂੰ ਇੱਕ ਘੋੜਾ ਪਸੰਦ ਆ ਗਿਆ। ਕੀਮਤ ਪੁੱਛਣ ਉਤੇ ਮਾਲਕ ਨੇ 500 ਦਿਨਾਰ ਦੱਸੀ। ਸ਼ੇਖ਼ ਪੁੱਛਣ ਲੱਗਾ ਕਿ ਕੀ ਮੈਂ ਇਸ 'ਤੇ ਸਵਾਰੀ ਕਰ ਕੇ ਵੇਖ ਸਕਦਾ ਹਾਂ? ਮਾਲਕ ਦੇ ਹਾਂ ਕਹਿਣ 'ਤੇ ਸ਼ੇਖ਼ ਨੇ ਘੋੜੇ ਉਤੇ ਬੈਠ ਕੇ ਇੱਕ ਗੇੜਾ ਲਾਇਆ। ਵਾਪਸ ਆ ਕੇ ਉਹ ਘੋੜੇ ਦੇ ਮਾਲਕ ਨੂੰ ਆਖਣ ਲੱਗਾ ਕਿ ਤੇਰਾ ਘੋੜਾ ਤਾਂ ਘੱਟੋ-ਘੱਟ 800 ਦਿਨਾਰ ਦਾ ਹੈ। ਤੂੰ ਇਸ ਨੂੰ 500 ਦਿਨਾਰ ਵਿੱਚ ਕਿਉਂ ਵੇਚ ਰਿਹਾ ਏਂ? ਮਾਲਕ ਨੇ ਆਖਿਆ, "ਮੇਰੀ ਮਜ਼ਬੂਰੀ ਹੈ। ਮੇਰੀ ਬੇਟੀ ਦੀ ਸ਼ਾਦੀ ਹੈ ਅਤੇ ਮੈਨੂੰ ਪੈਸਿਆ ਦੀ ਫੌਰੀ ਲੋੜ ਹੈ।" ਸ਼ੇਖ਼ ਨੇ ਉਸ ਨੂੰ 500 ਦਿਨਾਰ ਦੀ ਥਾਂ 800 ਦਿਨਾਰ ਦਿੱਤੇ।

ਫਿਰ ਮਾਲਕ ਆਖਣ ਲੱਗਾ ਕਿ ਜਦੋਂ ਮੈਂ ਘੋੜਾ 500 ਦਿਨਾਰ ਵਿੱਚ ਵੇਚਣ ਲਈ ਰਾਜ਼ੀ ਹਾਂ ਤਾਂ ਤੁਸੀਂ ਮੈਨੂੰ 800 ਰੁਪਏ ਕਿਉਂ ਦੇ ਰਹੇ ਹੋ। ਸ਼ੇਖ਼ ਦਾ ਉੱਤਰ ਸੀ ਕਿ ਮੈਂ ਤੁਹਾਡਾ ਘੋੜਾ ਖਰੀਦਣ ਆਇਆ ਹਾਂ, ਤੁਹਾਡੀ ਮਜ਼ਬੂਰੀ ਖਰੀਦਣ ਨਹੀਂ ਆਇਆ। ਇਸ ਘੋੜੇ ਦੀ ਕੀਮਤ 800 ਦਿਨਾਰ ਹੀ ਹੈ।"

ਆਮ ਜੀਵਨ ਵਿੱਚ ਸਾਡੇ ਵਿੱਚੋਂ ਬਹੁਤ ਘੱਟ ਲੋਕ ਹੋਣਗੇ ਜਿਹੜੇ ਕਿਸੇ ਦੀ ਮਜਬੂਰੀ ਨੂੰ ਨਹੀਂ ਖਰੀਦਦੇ ਹੋਣਗੇ। ਕਿਸੇ ਦੀ ਮਜਬੂਰੀ ਨੂੰ ਖਰੀਦਣਾ ਇੱਕ ਗੁਨਾਹ ਹੈ, ਜਿਸ ਨੂੰ ਕਰਨ ਲਈ ਅਸੀਂ ਹਮੇਸ਼ਾ ਤਿਆਰ ਰਹਿੰਦੇ ਹਾਂ। ਇਸ ਵਿਸ਼ੇ ਬਾਰੇ ਮੈਂ ਇਸ ਕਰ ਕੇ ਲਿਖ ਰਿਹਾ ਹਾਂ ਕਿ ਇਸ ਮਹਾਂਮਾਰੀ ਦੇ ਦੌਰ ਵਿੱਚ ਮਜਬੂਰੀਆਂ ਦੀ ਵਿਕਰੀ ਸ਼ਰੇਆਮ ਹੋ ਰਹੀ ਹੈ। ਲੰਬੇ ਸਮੇਂ ਲਈ ਲੱਗੇ ਲਾਕਡਾਊਨ ਨੇ ਲੱਖਾਂ ਕਿਰਤੀ-ਕਾਮਿਆਂ ਨੂੰ ਵਿਹਲੇ ਕਰ ਦਿੱਤਾ ਹੈ। ਰੋਜ਼ ਕਮਾ ਕੇ ਖਾਣ ਵਾਲੇ ਰੋਟੀ ਤੋਂ ਆਤੁਰ ਹੋ ਗਏ ਹਨ। ਸਾਡੇ ਬਹੁਤ ਸਾਰੇ ਸਿਆਸੀ, ਧਾਰਮਕ ਅਤੇ ਸਮਾਜਕ ਲੀਡਰਾਂ ਨੇ ਇਸ ਮਜਬੂਰੀ ਦੀ ਆਪਣੀ ਲੀਡਰੀ ਚਮਕਾਉਣ ਲਈ ਰੱਜ ਕੇ ਵਰਤੋਂ ਕੀਤੀ ਹੈ। ਮਜਬੂਰ ਲੋਕਾਂ ਨੂੰ ਕਤਾਰਾਂ ਵਿੱਚ ਖੜ੍ਹੇ ਕਰ ਕੇ ਮੀਡੀਆ ਦੇ ਸਾਹਮਣੇ ਕਿਰਤੀ ਤੋਂ ਮੰਗਤੇ ਬਣ ਕੇ ਜ਼ਲੀਲ ਕੀਤਾ ਗਿਆ। ਕੀ ਕਦੇ ਸੋਚਿਆ ਹੈ ਕਿ ਸੁੱਚੀ ਕਿਰਤ ਕਰ ਕੇ ਰੋਟੀ ਖਾਣ ਵਾਲੇ ਦੇ ਮਨ 'ਤੇ ਕੀ ਬੀਤਦੀ ਹੋਵੇਗੀ? ਜਦੋਂ ਉਸ ਨੂੰ ਮੰਗਤਾ ਬਣਾ ਕੇ ਕੁਝ ਕਿੱਲੋ ਆਟੇ ਲਈ ਲਾਈਨ ਵਿੱਚ ਖੜ੍ਹਾ ਕਰਨ ਦੀ ਥਾਂ ਉਸ ਨੂੰ ਜ਼ਲੀਲ ਕੀਤਾ ਹੈ। ਕੀ ਕੁਝ ਕਿੱਲੋ ਆਟੇ ਨਾਲ ਉਹ ਤਿੰਨ ਮਹੀਨੇ ਆਪਣੇ ਟੱਬਰ ਨੂੰ ਰੋਟੀ ਖੁਆ ਸਕੇਗਾ? ਸਰਕਾਰ ਨੂੰ ਇਨ੍ਹਾਂ ਲੋਕਾਂ ਬਾਰੇ ਲਾਕਡਾਊਨ ਲਗਾਉਣ ਤੋਂ ਪਹਿਲਾਂ ਸੋਚਣਾ ਚਾਹੀਦਾ ਸੀ।

ਦੁੱਖ ਦੇ ਸਤਾਏ ਹੋਏ ਇਹ ਲੱਖਾਂ ਕਾਮੇ ਜਦੋਂ ਆਪਣੇ ਘਰਾਂ ਵੱਲ ਪੈਦਲ ਤੁਰ ਪਏ ਜਿਹੜੇ ਸੈਂਕੜੇ ਕਿਲੋਮੀਟਰ ਦੀ ਦੂਰੀ 'ਤੇ ਹਨ ਤਾਂ ਉਨ੍ਹਾਂ ਦੀ ਮਦਦ ਕਰਨ ਦੀ ਥਾਂ ਪੁਲਸ ਵੱਲੋਂ ਉਨ੍ਹਾਂ ਨੂੰ ਪ੍ਰੇਸ਼ਾਨ ਕੀਤਾ ਗਿਆ। ਬੁਹਤ ਸ਼ੋਰ-ਸ਼ਰਾਬੇ ਪਿੱਛੋਂ ਕੁਝ ਵਿਸ਼ੇਸ਼ ਰੇਲ ਗੱਡੀਆਂ ਚਲਾਈਆਂ ਗਈਆਂ ਜਿਨ੍ਹਾਂ ਵਿੱਚ ਖਾਣਾ ਤਾਂ ਦੂਰ, ਪੀਣ ਲਈ ਪਾਣੀ ਵੀ ਨਹੀਂ ਸੀ। ਮਹਾਂਮਾਰੀ ਨਾਲ ਜਿੰਨੀਆਂ ਜਾਨਾਂ ਗਈਆਂ ਉਸ ਤੋਂ ਕਿਤੇ ਵੱਧ ਇਨ੍ਹਾਂ ਕਿਰਤੀਆਂ ਦੀਆਂ ਭੁੱਖ-ਪਿਆਸ ਨਾਲ ਜਾਨਾਂ ਗਈਆਂ ਹਨ।

ਸਾਡੇ ਸਮਾਜ ਵਿੱਚ ਔਰਤਾਂ ਸਭ ਤੋਂ ਵੱਧ ਇਸ ਦਾ ਸ਼ਿਕਾਰ ਹੁੰਦੀਆਂ ਹਨ। ਕਿਸੇ ਮੁਸੀਬਤ ਸਮੇਂ ਜਦੋਂ ਉਨ੍ਹਾਂ ਨੂੰ ਨੌਕਰੀ ਜਾਂ ਕੁਝ ਪੈਸਿਆਂ ਦੀ ਲੋੜ ਪੈਂਦੀ ਹੈ ਤਾਂ ਉਨ੍ਹਾਂ ਦੀ ਮਜਬੂਰੀ ਦੀ ਖਰੀਦ ਕੇ ਉਨ੍ਹਾਂ ਦੀ ਪੱਤ ਲੁੱਟੀ ਜਾਂਦੀ ਹੈ। ਸੰਸਾਰ ਦਾ ਕੋਈ ਵੀ ਧਰਮ ਜਾਂ ਰਾਜਨੀਤਕ ਪ੍ਰਣਾਲੀ ਇਸ ਦੀ ਆਗਿਆ ਨਹੀਂ ਦਿੰਦੀ। ਸਭ ਨੇ ਮਜਬੂਰੀ ਦੀ ਖਰੀਦ ਨੂੰ ਖਰੀਦ ਨੂੰ ਵੱਡਾ ਗੁਨਾਹ ਮੰਨਿਆ ਹੈ। ਸਾਡੇ ਨਾਲੋਂ ਪਠਾਨਕੋਟ ਦਾ ਇੱਕ ਮੰਗਤਾ ਚੰਗਾ ਹੈ। ਇੱਕ ਅਪਾਹਜ ਹੈ। ਬਚਪਨ ਵਿੱਚ ਮਾਤਾ-ਪਿਤਾ ਦਾ ਸਵਰਗਵਾਸ ਹੋ ਗਿਆ। ਭਰਾਵਾਂ ਨੇ ਘਰੋਂ ਕੱਢ ਦਿੱਤਾ। ਉਸ ਨੂੰ ਮਜਬੂਰਨ ਭੀਖ ਮੰਗ ਕੇ ਗੁਜ਼ਾਰਾ ਕਰਨਾ ਪਿਆ। ਪਤਾ ਲੱਗਾ ਹੈ ਕਿ ਇਨ੍ਹਾਂ ਔਖੇ ਦਿਨਾਂ ਵਿੱਚ ਉਹ ਘੱਟੋ ਘੱਟ ਪੰਜਾਹ ਬੰਦਿਆਂ ਦੀ ਰੋਟੀ ਦਾ ਬੰਦੋਬਸਤ ਕਰਦਾ ਹੈ ਅਤੇ ਉਨ੍ਹਾਂ ਨੂੰ ਮੂੰਹ ਉਤੇ ਮਾਸਕ ਬੰਨ੍ਹਣ ਲਈ ਮਾਸਕ ਵੀ ਦਿੰਦਾ ਹੈ।

ਸਰਕਾਰ ਨੇ ਮੂੰਹ ਉਤੇ ਮਾਸਕ ਬੰਨ੍ਹਣਾ ਲਾਜ਼ਮੀ ਕਰ ਦਿੱਤਾ ਹੈ। ਇੱਕ ਮਾਸਕ ਘੱਟੋ-ਘੱਟ 10 ਰੁਪਏ ਦਾ ਆਉਂਦਾ ਹੈ। ਪੰਜ ਮੈਂਬਰੀ ਟੱਬਰ ਰੋਜ਼ ਮਾਸਕ ਖਰੀਦਣ ਲਈ ਪੰਜਾਹ ਰੁਪਏ ਕਿੱਥੋਂ ਲੈ ਕੇ ਆਵੇਗਾ? ਸਰਕਾਰ ਨੇ 20 ਲੱਖ ਕਰੋੜ ਦੇ ਪੈਕੇਜ ਦਾ ਐਲਾਨ ਕੀਤਾ ਹੈ। ਇਸ ਦਾ ਇਨ੍ਹਾਂ ਕਰੋੜਾਂ ਗਰੀਬ ਲੋਕਾਂ ਨੂੰ ਕੋਈ ਲਾਭ ਨਹੀਂ ਪੁੱਜਣਾ। ਘੱਟੋ ਘੱਟ ਵੀਹ ਲੱਖ ਮਾਸਕ ਹੀ ਜੇ ਸਰਕਾਰ ਖਰੀਦ ਕੇ ਗਰੀਬ ਲੋਕਾਂ ਨੂੰ ਵੰਡ ਦਿੰਦੀ ਤਾਂ ਵੀ ਕੋਈ ਭਲਾ ਕੰਮ ਹੋ ਸਕਦਾ ਸੀ। ਲੋੜ ਕਿਰਤੀਆਂ ਲਈ ਰੋਜ਼ੀ-ਰੋਟੀ ਦਾ ਪ੍ਰਬੰਧ ਕਰਨ ਦੀ ਹੈ। ਰੋਟੀ ਇਨਸਾਨ ਦੀ ਸਭ ਤੋਂ ਮੁੱਢਲੀ ਲੋੜ ਹੈ ਤੇ ਸਰਕਾਰ ਨੇ ਇਹ ਲੋੜ ਪੂਰੀ ਕਰਨ ਦੀ ਥਾਂ ਕਰੋੜਾਂ ਲੋਕਾਂ ਦੇ ਮੂੰਹੋਂ ਰੋਟੀ ਖੋਹ ਲਈ ਹੈ। ਦੇਸ਼ ਨੂੰ ਬੰਦ ਕਰਨਾ ਮਜਬੂਰੀ ਸੀ, ਪਰ ਕਰੋੜਾਂ ਕਿਰਤੀਆਂ ਦੀ ਰੋਟੀ ਦਾ ਪ੍ਰਬੰਧ ਕਰਨਾ ਵੀ ਜ਼ਰੂਰੀ ਸੀ। ਢਿੱਡ ਦੀ ਭੁੱਖ ਨੇ ਕਰੋੜਾਂ ਲੋਕਾਂ ਨੂੰ ਮੰਗਤੇ ਬਣਨ ਲਈ ਮਜਬੂਰ ਕੀਤਾ ਹੈ। ਉਸ ਦੇਸ਼ ਵਿੱਚ ਜਿੱਥੇ ਅਨਾਜ ਰੱਖਣ ਲਈ ਥਾਂ ਨਹੀਂ ਅਤੇ ਲੱਖਾਂ ਟਨ ਅਨਾਜ ਸੜ ਕੇ ਬਰਬਾਦ ਹੁੰਦਾ ਹੈ। ਉਥੇ ਭੁੱਖ ਨਾਲ ਲੋਕਾਂ ਨੂੰ ਮਰਨ ਲਈ ਮਜਬੂਰ ਹੋਣਾ ਪਵੇ ਇਹ ਕਿੱਥੋਂ ਤੱਕ ਸਹੀ ਹੈ।

ਇਹ ਵੀ ਵੇਖਣ ਵਿੱਚ ਆਇਆ ਹੈ ਕਿ ਗਰੀਬ ਤਾਂ ਗਰੀਬ ਦੀ ਮਦਦ ਕਰਦਾ ਹੈ, ਪਰ ਸਰਦੇ-ਪੁੱਜਦੇ ਬਹੁਤੇ ਲੋਕ ਕੇਵਲ ਮਜਬੂਰੀ ਖਰੀਦਣਾ ਜਾਣਦੇ ਹਨ। ਇਨਸਾਨੀਅਤ ਦੇ ਨੇਤਾ ਵੰਡ ਕੇ ਖਾਣ ਦੀ ਉਨ੍ਹਾਂ ਦੀ ਆਦਤ ਨਹੀਂ ਹੈ। ਇਹ ਮਜਬੂਰੀ ਜਦੋਂ ਹੱਦੋਂ ਵੱਧ ਜਾਵੇ ਤਾਂ ਇਨਸਾਨ ਆਪਣੇ-ਆਪ ਦੀ ਬਲੀ ਦੇ ਦਿੰਦਾ ਹੈ।

ਖੁਦਕੁਸ਼ੀਆਂ ਕਰਦੇ ਗਰੀਬ ਲੋਕਾਂ ਦੀ ਕੀ ਕਦੇ ਕਿਸੇ ਸਰਕਾਰ ਜਾਂ ਸੰਸਥਾ ਨੇ ਬਾਂਹ ਫੜੀ ਹੈ? ਇਸ ਮਜਬੂਰੀ ਨੂੰ ਵੀ ਲੀਡਰੀ ਚਮਕਾਉਣ ਲਈ ਵਰਤਿਆ ਜਾਂਦਾ ਹੈ। ਮੈਂ ਕਿਸਾਨਾਂ ਤੇ ਕਿਰਤੀਆਂ ਵੱਲੋਂ ਕੀਤੀਆਂ ਜਾਂਦੀਆਂ ਖੁਦਕੁਸ਼ੀਆਂ ਨੂੰ ਰੋਕਣ ਲਈ ਗੁਰੂਘਰਾਂ ਨੂੰ ਅਪੀਲ ਕੀਤੀ ਕਿ ਇਸ ਪਾਸੇ ਯਤਨ ਕਰਨ। ਕੁਝ ਗੁਰੂਘਰਾਂ ਨੇ ਯਤਨ ਸ਼ੁਰੂ ਕੀਤੇ ਸਨ। ਇਹ ਜਾਣ ਕੇ ਤਸੱਲੀ ਹੋਈ ਹੈ ਕਿ ਮੁੰਬਈ ਲਾਗੇ ਇੱਕ ਗੁਰੂਘਰ ਨੇ ਵਿਸ਼ੇਸ਼ ਫੰਡ ਕਾਇਮ ਕੀਤਾ ਹੈ। ਉਨ੍ਹਾਂ ਐਲਾਨ ਕੀਤਾ ਹੈ ਕਿ ਖੁਦਕੁਸ਼ੀ ਕਰਨ ਦੀ ਥਾਂ ਸਾਡੇ ਨਾਲ ਸੰਪਰਕ ਕਰੋ, ਗੁਰੂਘਰ ਪੂਰੀ ਸਹਾਇਤਾ ਕਰੇਗਾ। ਜੇ ਦਾਨ ਦੇ ਰੂਪ ਵਿੱਚ ਪੈਸਾ ਲੈਣਾ ਮਨਜ਼ੂਰ ਨਹੀਂ ਤਾਂ ਕਰਜ਼ੇ ਦੇ ਰੂਪ ਵਿੱਚ ਪ੍ਰਾਪਤ ਕਰੋ। ਤੁਹਾਡਾ ਪਤਾ ਗੁਪਤ ਰੱਖਿਆ ਜਾਵੇਗਾ। ਅਜਿਹੇ ਯਤਨਾਂ ਦੀ ਲੋੜ ਹੈ।

ਸਾਡੀਆਂ ਸਮਾਜਕ, ਧਾਰਮਕ ਤੇ ਰਾਜਨੀਤਕ ਜਥੇਬੰਦੀਆਂ ਨੂੰ ਚਾਹੀਦਾ ਹੈ ਕਿ ਗਰੀਬਾਂ ਦੀਆਂ ਮਜਬੂਰੀਆਂ ਖਰੀਦ ਕੇ ਆਪਣੀ ਵਾਹ ਵਾਹ ਕਰਵਾਉਣ ਦੀ ਥਾਂ ਉਨ੍ਹਾਂ ਦੀ ਸਹਾਇਤਾ ਕਰਨ। ਨੇਕੀ ਵਿਖਾਵੇ ਦੀ ਮੁਥਾਜ ਨਹੀਂ ਹੈ। ਇਸੇ ਲਈ ਅਨੇਕਾਂ ਭਲੇ ਲੋਕ ਗੁਪਤ ਦਾਨ ਨਹੀਂ ਲੋੜਵੰਦਾਂ ਦੀ ਸੇਵਾ ਕਰਦੇ ਹਨ। ਆਪਣੇ ਕਾਮਿਆਂ ਲਈ ਔਖ ਵੇਲੇ ਘੱਟੋ ਘੱਟ ਰੋਟੀ ਦਾ ਪ੍ਰਬੰਧ ਜ਼ਰੂਰ ਕੀਤਾ ਜਾਵੇ। ਅਸਲੀ ਦਾਨ ਇਹੋ ਹੀ ਹੈ। ਧਾਰਮਕ ਜਥੇਬੰਦੀਆਂ ਨੂੰ ਵੀ ਚਾਹੀਦਾ ਹੈ ਕਿ ਮੁਕਾਬਲੇ ਵਿੱਚ ਧਾਰਮਕ ਸੰਸਥਾਵਾਂ ਨੂੰ ਸੁੰਦਰ ਬਣਾਉਣ ਅਤੇ ਵਿਖਾਵੇ ਲਈ ਵੱਡੇ ਸਮਾਗਮ ਕਰਨ ਦੀ ਥਾਂ ਘੱਟੋ-ਘੱਟ ਆਪਣੇ ਧਰਮ ਦੇ ਗਰੀਬ ਲੋਕਾਂ ਦੀ ਬਾਂਹ ਫੜੀ ਜਾਵੇ। ਅਸਲੀ ਸੇਵਾ ਇਹੋ ਹੀ ਹੈ।

# ਪਿੰਡ ਦੀ ਰੂਹ

-ਅਮਰੀਕ ਸਿੰਘ ਦਿਆਲ

ਕਈ ਸਾਲਾਂ ਤੋਂ ਵਿਉਂਤਾਂ ਬਣਾ ਰਿਹਾ ਸੀ ਕਿ ਸ੍ਰੀ ਖੁਰਾਲਗੜ੍ਹ ਸਾਹਿਬ ਅਤੇ ਅਚਲਪੁਰ ਵਿਚਕਾਰਲੀ ਡੂੰਘੀ ਖੱਡ ਵਾਲਾ ਖੂਹ ਜ਼ਰੂਰ ਦੇਖਣਾ ਹੈ। ਬਹੁਤ ਸਾਲ ਹੋ ਗਏ ਸਨ ਇਹ ਖੂਹ ਦੇਖਿਆਂ। ਸਾਡੇ ਪਿੰਡ ਤੋਂ ਖੇਤੋ-ਖੇਤੀ ਬਾਹਰਵਾਰ ਰਸਤਾ ਹੈ। ਇੱਕ ਵਾਰ ਦੋ ਕੁ ਦੋਸਤਾਂ ਨਾਲ ਪ੍ਰੋਗਰਾਮ ਵੀ ਬਣਾਇਆ, ਪਰ ਅਖੌਤੀ ਰੁਝੇਵਿਆਂ ਕਾਰਨ ਪ੍ਰੋਗਰਾਮ ਸਿਰੇ ਨਾ ਚੜ੍ਹ ਸਕਿਆ। ਮੈਂ ਇੱਕ ਦਹਾਕਾ ਇਸ ਖੂਹ ਦੇ ਨੇੜਲੇ ਪਿੰਡ ਪੜ੍ਹਾਉਂਦਾ ਰਿਹਾ ਹਾਂ। ਕੰਮ ਦਾ ਜ਼ਿਆਦਾ ਰੁਝੇਵਾਂ ਵੀ ਨਹੀਂ ਸੀ, ਪਰ ਜਿਵੇਂ ਕਹਿ ਲਓ, ਵਿਹਲ ਵਿੱਚੋਂ ਹੀ ਵਿਹਲ ਨਹੀਂ ਮਿਲ ਸਕੀ!

ਇੱਕ ਵਾਰ ਸੈਮੀਨਾਰ ਦੌਰਾਨ ਸਾਡੇ ਇੱਕ ਅਧਿਕਾਰੀ ਨੇ ਵਕਤ ਦੀ ਗੱਲ ਸਾਂਝੀ ਕੀਤੀ। ਕੋਈ ਦੋ-ਤਾਰਾ ਵਜਾਉਣ ਵਾਲਾ ਅਕਸਰ ਪਿੰਡ ਆਉਂਦਾ ਹੁੰਦਾ ਸੀ। ਲਾਲਾ ਜੀ ਨੂੰ ਉਸ ਨੇ ਕਈ ਵਾਰ ਦੋ-ਤਾਰਾਂ ਸੁਣਨ ਦੀ ਅਰਜ਼ ਕੀਤੀ, ਪਰ ਲਾਲਾ ਜੀ ਕੋਲ ਟਾਈਮ ਕਿੱਥੇ ਸੀ! ਉਹ ਹਰ ਵਾਰ ਟਾਲ਼ ਛੱਡਦੇ। ਇੱਕ ਦਿਨ ਦੋ-ਤਾਰਾ ਵਜਾਉਣ ਵਾਲਾ ਲਾਲਾ ਜੀ ਦੇ ਖਹਿੜੇ ਪੈ ਗਿਆ, 'ਅਖੇ, ਲਾਲਾ ਜੀ, ਅੱਜ ਤਾਂ ਸੁਣ ਹੀ ਲਓ।' ਲਾਲਾ ਜੀ ਨੇ ਦਸ ਰੁਪਏ ਦੇ ਕੇ ਫਿਰ ਟਾਲਿਆ, "ਅਗਲੇ ਹਫ਼ਤੇ ਆ ਜਾਈਂ, ਜ਼ਰੂਰ ਸੁਣਾਂਗਾ।" ਉਹ ਅਗਲੇ ਹਫ਼ਤੇ ਪਿੰਡ ਪਹੁੰਚਿਆ ਤਾਂ ਪਤਾ ਲੱਗਾ ਕਿ ਲਾਲਾ ਜੀ ਚੜ੍ਹਾਈ ਕਰ ਗਏ ਹਨ। ਦੋ-ਤਾਰਾ ਵਾਲਾ ਭਾਈ ਸਿੱਧਾ ਸਿਵਿਆਂ ਨੂੰ ਤੁਰ ਪਿਆ। ਉਥੇ ਬੈਠ ਕੇ ਲੱਗਾ ਦੋ-ਤਾਰਾ ਵਜਾਉਣ। ਨਾਲੇ ਕਹਿਣ ਲੱਗਾ, 'ਅਰਾਮ ਨਾਲ ਸੁਣੋ ਲਾਲਾ ਜੀ, ਅੱਜ ਤਾਂ ਤੁਹਾਡੇ ਕੋਲ ਟਾਈਮ ਹੀ ਟਾਈਮ ਹੈ।'

ਕੋਰੋਨਾ ਵਾਇਰਸ ਨੇ ਕੁਦਰਤੀ ਨਿਆਮਤਾਂ ਨੂੰ ਖੁੱਲ੍ਹੇ ਵਕਤ ਤੋਂ ਪਹਿਲਾਂ ਹੀ ਮੁੜ ਨੇੜਿਓਂ ਤੱਕਣ ਦਾ ਖੁੱਲ੍ਹਾ ਮੌਕਾ ਦੇ ਦਿੱਤਾ ਹੈ। ਇਸ ਖੂਹ ਨਾਲ ਮੇਰੀਆਂ ਬਚਪਨ ਤੋਂ ਯਾਦਾਂ ਜੁੜੀਆਂ ਹਨ। ਸਾਡੇ ਪਿੰਡ ਤੋਂ ਅਚਲਪੁਰ ਦਾ ਪੈਦਲ ਰਸਤਾ ਪੰਜ ਕੁ ਕਿਲੋਮੀਟਰ ਹੈ। ਕਿਸੇ ਵੇਲੇ ਇਹ ਰਸਤਾ ਬਾਰਾਂ ਮਹੀਨੇ ਤੀਹ ਦਿਨ ਚੱਲਦਾ ਹੁੰਦਾ ਸੀ। 'ਕੁਲੇ-ਦੁਕੱਲੇ ਨੂੰ ਕੋਈ ਡਰ ਭੈਅ ਦੀ ਗੱਲ ਨਹੀਂ ਸੀ। ਚੋਅ ਦੇ ਆਰ-ਪਾਰ ਕਿਸੇ ਰਾਹਗੀਰ ਦਾ ਝਾਕਾ ਪੈਂਦਿਆਂ ਹੌਸਲਾ ਹੋ ਜਾਂਦਾ। ਖੇਤੋ-ਖੇਤੀ ਪਗਡੰਡੀ ਅਤੇ ਵਿਚਾਲੇ ਡੂੰਘੀ ਖੱਡ ਵਿੱਚ ਡੂੰਘਾ ਖੂਹ। ਨਾਨਕਿਆਂ ਤੱਕ ਪੁੱਜਦਾ ਕਰਨ ਵਾਲੀ ਹਿਮਾਚਲ ਪ੍ਰਦੇਸ਼ ਦੀ ਸਰਕਾਰੀ ਬੱਸ ਅਚਲਪੁਰ ਤੱਕ ਆਉਂਦੀ ਸੀ, ਜਿਸ ਦੀ ਡੇਢ ਵਜੇ ਵਾਪਸੀ ਹੁੰਦੀ। ਇਹ ਬੱਸ ਲੈਣ ਲਈ ਘਰੋਂ ਬਾਰਾਂ ਵਜੇ ਤੁਰਨਾ ਪੈਂਦਾ ਸੀ। ਓਦੋਂ ਅੱਜ ਵਾਂਗ ਪਾਣੀ ਦੀਆਂ ਬੋਤਲਾਂ ਕੋਲ ਚੁੱਕਣ ਦਾ ਰਿਵਾਜ਼ ਨਹੀਂ ਸੀ। ਅੱਜ ਕੱਲ੍ਹ ਏ ਸੀ ਗੱਡੀਆਂ ਵਿੱਚ ਵੀ ਲੋਕ ਪਾਣੀ ਦੀਆਂ ਬੋਤਲਾਂ ਚੁੱਕੀ ਫਿਰਦੇ ਹਨ! ਨਾਲੇ ਨਾਨਕਿਆਂ ਦੇ ਚਾਅ ਵਿੱਚ ਗਰਮੀ ਅਤੇ ਪਿਆਸ ਕਿਹਨੂੰ ਲਗਦੀ ਸੀ।

ਜੂਨ ਮਹੀਨੇ ਦੀ ਤਿੱਖੜ ਦੁਪਹਿਰ ਵਿੱਚ ਡੂੰਘੀ ਘਾਟੀ ਉਤਰਦਿਆਂ ਤੇ ਸੇਕ ਮਾਰਦੇ ਖੱਡ ਦੇ ਪੱਥਰ ਪਾਰ ਕਰਦਿਆਂ ਪਾਣੀ ਦੀ ਲੋੜ ਮਹਿਸੂਸ ਹੋਣ ਲੱਗਦੀ। ਰਾਹ ਵਿੱਚ ਨਾ ਕੋਈ ਮਕਾਨ ਸੀ, ਨਾ ਦੁਕਾਨ। ਖੱਡ ਪਾਰ ਕਰਦਿਆਂ ਥੋੜ੍ਹੀ ਜਿਹੀ ਚੜ੍ਹਾਈ ਚੜ੍ਹ ਕੇ ਸੱਜੇ ਪਾਸੇ ਡੂੰਘਾ ਖੂਹ ਸੀ। ਟਿੰਡਾਂ ਵਾਲਾ ਖੂਹ। ਬਜ਼ੁਰਗਾਂ ਤੋਂ ਸੁਣਿਆ ਸੀ ਕਿ ਇਹ ਖੂਹ ਕਈ ਪਿੰਡਾਂ ਨੇ ਰਲ਼ ਕੇ ਕੱਢਿਆ ਸੀ। ਪਿੰਡ ਪਿੰਡ ਦੀਆਂ ਵਾਰੀਆਂ ਲਗਦੀਆਂ ਹੁੰਦੀਆਂ ਸਨ। ਬੜੀਆਂ ਖ਼ੁਸ਼ੀਆਂ ਮਨਾਈਆਂ ਸਨ ਜਦੋਂ ਇਸ ਦਾ ਠੰਢਾ-ਮਿੱਠਾ ਜਲ ਲੋਕਾਂ ਨੇ ਚੱਖਿਆ ਸੀ। ਪ੍ਰਤੀਤ ਹੁੰਦਾ ਸੀ, ਜਿਵੇਂ ਪਿਆਊ ਲਾਈ ਬੈਠਾ ਇਹ ਖੂਹ ਆਉਂਦੇ-ਜਾਂਦੇ ਰਾਹੀਆਂ ਨੂੰ 'ਵਾਜਾਂ ਮਾਰ ਰਿਹਾ ਹੋਵੇ। ਹਲਟੀ ਗੇੜ ਕੇ ਖੂਹ ਤੋਂ ਕੱਢਿਆ ਠੰਢਾ-ਮਿੱਠਾ ਜਲ ਰੂਹ ਨੂੰ ਸਰਸ਼ਾਰ ਕਰ ਦਿੰਦਾ। ਕਿੰਨਾ ਚਿਰ ਟਿੰਡਾਂ ਵਿੱਚੋਂ ਵਾਪਸ ਥੱਲੇ ਜਾਂਦੇ ਪਾਣੀ ਦੀਆਂ ਆਵਾਜ਼ਾਂ ਸੁਣਦੇ ਰਹਿੰਦੇ। ਚੱਕਰੀ ਨਾਲ ਖਹਿ ਕੇ ਟਕ ਟਕ ਦੀ ਆਵਾਜ਼ ਸੰਗੀਤਕ ਧੁਨ ਬਖੇਰਦੀ ਮਹਿਸੂਸ ਹੁੰਦੀ। ਲਾਗਲੇ ਪਿੰਡ ਤੋਂ ਤ੍ਰੀਮਤਾਂ ਕੱਪੜਿਆਂ ਦੀ ਗੱਠੜੀ ਬੰਨ੍ਹ ਕੇ ਧੋਣ ਲਈ ਆਈਆਂ ਹੁੰਦੀਆਂ। ਜਦੋਂ ਵੀ ਉਥੋਂ ਲੰਘਣ ਦਾ ਮੌਕਾ ਮਿਲਿਆ, ਖੂਹ ਕਦੇ ਇਕੱਲਾ ਨਹੀਂ ਦੇਖਿਆ। ਕੋਈ ਨਾ ਕੋਈ ਰਾਹੀਂ ਉਥੇ ਕੁਦਰਤ ਦੀ ਗੋਦ ਦਾ ਨਿੱਘ ਮਾਣ ਰਿਹਾ ਹੁੰਦਾ। ਲਾਗੇ ਪਿੱਪਲ ਦੀ ਛਾਂ ਹੇਠ ਗੱਲਾਂ ਬਾਤਾਂ ਅਤੇ ਸੂਚਨਾਵਾਂ ਸਾਂਝੀਆਂ ਹੁੰਦੀਆਂ। ਤਾਜ਼ਾ ਦਮ ਹੋ ਕੇ ਹਰ ਕੋਈ ਆਪੋ-ਆਪਣਾ ਰਾਹ ਫੜ ਲੈਂਦਾ।

ਖੂਹ ਦਾ ਪਾਣੀ ਕਾਫੀ ਦੂਰ ਸੀ। ਡਰਦੇ-ਡਰਦੇ ਜਦੋਂ ਖੂਹ ਵਿੱਚ ਝਾਤ ਮਾਰਦੇ ਸਾਂ, ਛੋਟੀ ਜਿਹੀ ਟਿੱਕੀ ਦਿਖਾਈ ਦਿੰਦੀ ਸੀ। ਖੱਬੇ ਪਾਸੇ ਪਿੱਪਲ ਦਾ ਵੱਡਾ ਰੁੱਖ ਉਸ ਦਾ ਸਾਥੀ ਸੀ, ਜਿਸ ਦੇ ਆਲੇ-ਦੁਆਲੇ ਚੁਣ ਚੁਣ ਕੇ ਖੱਡ ਦੇ ਦੂਧੀਆ ਪੱਥਰਾਂ ਦਾ ਗੋਲ-ਘੇਰਾ ਬਣਾਇਆ ਹੋਇਆ ਸੀ। ਲਗਦਾ ਸੀ, ਜਿਵੇਂ ਕੁਦਰਤ ਨੇ ਕੋਈ ਰਿਆਸਤ ਬਣਾਈ ਹੋਵੇ ਅਤੇ ਨਿਆਮਤਾਂ ਦੀ ਵਰਖਾ ਕਰ ਦਿੱਤੀ ਹੋਵੇ।

ਮੈਨੂੰ ਯਾਦ ਹੈ, ਜਦੋਂ ਅਸੀਂ ਅੱਠਵੀਂ ਅਤੇ ਦਸਵੀਂ ਦੇ ਬੋਰਡ ਦੇ ਇਮਤਿਹਾਨ ਦੇਣ ਲਈ ਖੱਡ ਟੱਪ ਕੇ ਅਚਲਪੁਰ ਲਾਗੇ ਗੁਰੂਬਿਸ਼ਨਪੁਰੀ ਸਕੂਲ ਜਾਂਦੇ ਸਾਂ ਤਾਂ ਕੁਝ ਸ਼ਰਾਰਤੀ ਮੁੰਡੇ ਹਲਟ ਦਾ ਕੁੱਤਾ ਉਪਰ ਚੁੱਕ ਦਿੰਦੇ। ਕਿੰਨਾ ਚਿਰ ਗਾਧੀ ਤੇਜ਼ ਗਤੀ ਨਾਲ ਪੁੱਠੇ ਗੇੜੇ ਲਾਉਂਦੀ ਰਹਿੰਦੀ। ਇਸ ਸ਼ਰਾਰਤ ਬਦਲੇ ਮੁੰਡਿਆਂ ਨੂੰ ਮਾਰ ਵੀ ਖਾਣੀ ਪਈ। ਇਤਿਹਾਸਕ ਮੇਲਾ 'ਛਿੰਝ ਛਰਾਹਾਂ ਦੀ' ਤੋਂ ਵਾਪਸੀ ਮੌਕੇ ਵਾਜੇ-ਪੀਪਨੀਆਂ ਵਜਾਉਂਦੇ ਬੱਚੇ ਇਸ ਖੂਹ ਕੋਲੋਂ ਲੰਘਦੇ। ਨੇੜਲੀ ਕੁਟੀਆ, ਜਿਸ ਨੂੰ ਖੂਹ ਵਾਲੀ ਕੁਟੀਆ ਕਹਿੰਦੇ ਹਨ, ਵਿਖੇ ਸਾਲਾਨਾ ਭੰਡਾਰੇ ਮੌਕੇ ਤਾਂ ਇਥੇ ਵਿਆਹ ਵਰਗਾ ਮਾਹੌਲ ਹੁੰਦਾ।

ਅੱਜ ਮੈਂ ਖੂਹ 'ਤੇ ਪਹੁੰਚ ਗਿਆ ਹਾਂ। ਅਤੀਤ ਅਤੇ ਵਰਤਮਾਨ ਵਿਚਲਾ ਪਾੜਾ ਬਹੁਤ ਵੱਡਾ ਹੈ। ਕਿੰਨਾ ਕੁਝ ਬਦਲ ਗਿਆ ਹੈ। ਚੋਅ ਵਾਲੀ ਉਤਰਾਈ ਮੂਹਰੇ ਜੰਗਲੀ ਜਾਨਵਰਾਂ ਤੋਂ ਫ਼ਸਲਾਂ ਦੇ ਬਚਾਅ ਲਈ ਲੋਹੇ ਦਾ ਗੇਟ ਲਾ ਦਿੱਤਾ ਗਿਆ ਹੈ। ਪਗਡੰਡੀ ਦੀ ਥਾਂ ਪੈਰ-ਘਾਸ ਜਿਹੀ ਰਹਿ ਗਈ ਹੈ, ਜੋ ਵਿਰਲੇ ਟਾਵੇਂ ਬੰਦੇ ਦੀ ਕਦੇ-ਕਦਾਈਂ ਆਉਣ ਦੀ ਗਵਾਹੀ ਭਰ ਰਹੀ ਹੈ। ਖੱਡ ਦੇ ਦੂਧੀਆ ਪੱਥਰ ਨਿਢਾਲ ਪਏ ਪ੍ਰਤੀਤ ਹੋਏ। ਖੂਹ ਦਾ ਪੁਰਾਣਾ ਮੁਹਾਂਦਰਾ ਮੌਜੂਦ ਹੈ, ਪਰ ਟਿੰਡਾਂ ਤੇ ਗਾਧੀ ਗਾਇਬ ਹੈ। ਨੇੜੇ ਪਏ ਬੈੜ, ਚੁਹੱਕਲੀ ਅਤੇ ਲੱਠ ਆਪੋ ਵਿੱਚ ਬੀਤੇ ਦੀਆਂ ਬਾਤਾਂ ਪਾ ਰਹੇ ਹਨ। ਕੋਲ ਖੜ੍ਹਾ ਪਿੱਪਲ ਇਨ੍ਹਾਂ ਸਾਰਿਆਂ ਦੀ ਗਵਾਹੀ ਭਰ ਰਿਹਾ ਹੈ। ਆਧੁਨਿਕੀਕਰਨ ਦੀ ਪੁੱਠ ਚਾੜ੍ਹ ਕੇ ਇਸ ਦੇ ਢਿੱਡ ਵਿੱਚੋਂ ਪਾਣੀ ਸੂਤਣ ਲਈ ਲੰਮੀ ਪਾਈਪ ਉਤਾਰ ਦਿੱਤੀ ਗਈ ਹੈ। ਮੂਧੇ ਹੋ ਕੇ ਦੇਖਦਿਆਂ ਦਿਖਾਈ ਦੇਣ ਵਾਲੀ ਪਾਣੀ ਦੀ ਟਿੱਕੀ ਦਿਸਣੋਂ ਹਟ ਗਈ ਹੈ। ਮਨੁੱਖੀ ਛੋਹ ਨੂੰ ਤਰਸ ਰਿਹਾ ਖੂਹ ਜਿਵੇਂ ਉਲਾਂਭਾ ਦਿੰਦਾ ਜਾਪਦਾ ਹੈ।.. ਕਿੰਨੇ ਸਾਲ ਹੋ ਗਏ ਮਿੱਤਰਾ ਤੈਨੂੰ ਤੁਰੇ ਨੂੰ! ਵਕਤ ਹੀ ਨਹੀਂ ਜੁੜਿਆ। ਨਾਲੇ ਤੇਰਾ ਵੀ ਮੇਰੇ ਵਾਂਗ ਆਧੁਨਿਕੀਕਰਨ ਹੋ ਗਿਆ ਹੈ। ਅਖੌਤੀ ਤਰੱਕੀ ਦੀ ਦੌੜ ਬੰਦੇ ਨੂੰ ਮਸ਼ੀਨ ਬਣਾ ਛੱਡਦੀ ਹੈ। ਚਲੋ ਅੱਜ ਕੋਰੋਨਾ ਬਹਾਨੇ ਹੀ ਸਹੀ..।'

ਮੈਂ ਲਾਜਵਾਬ ਹਾਂ। ਤੇਜ਼ੀ ਨਾਲ ਦਿਮਾਗ ਅੰਦਰ ਨਵਤੇਜ ਗੜ੍ਹਦੀਵਾਲਾ ਦੀਆਂ ਸਤਰਾਂ ਦੌੜਨ ਲੱਗਦੀਆਂ ਹਨ-

ਪਿੰਡ ਵਾਸੀਓ! ਆਓ ਖੂਹ ਪੂਰੀਏ,
ਖੂਹ ਪੂਰ ਇਸ ਦੇ ਮੂੰਹ ਵਿੱਚ
ਸਿੱਲ ਪੱਕੀ ਤਰ੍ਹਾਂ ਟਿਕਾ ਦਈਏ
ਜਿਸ ਉਤੇ ਡੂੰਘਾ ਉਕਰਿਆ ਹੋਵੇ:
ਏਥੇ ਕਦੇ ਖੂਹ ਹੁੰਦਾ ਸੀ
ਜੋ ਪਿੰਡ ਦੀ ਸਾਂਝੀ ਰੂਹ ਹੁੰਦਾ ਸੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਮਿੰਨੀ ਕਹਾਣੀ

# ਪਿਆਰ

-ਸਮਿਤਾ ਸੰਗਮਨੇਰਕਰ-

ਡਰਾਇੰਗ ਰੂਮ ਵਿੱਚ ਫੋਨ ਦੀ ਘੰਟੀ ਲਗਾਤਾਰ ਵਜ ਰਹੀ ਸੀ। ਸੁਮੀ ਖਿਝਦੀ ਹੋਈ ਰਸੋਈ 'ਚੋਂ ਹੱਥ ਪੂੰਝਦੀ ਹੋਈ ਆਈ ਅਤੇ ਫੋਨ ਚੁੱਕ ਕੇ ਖਿੱਝਦੇ ਹੋਏ ਹੈਲੋ ਬੋਲਣ ਲੱਗੀ, ਤਦ ਓਧਰੋਂ ਪਾਪਾ ਦੀ ਘਬਰਾਈ ਹੋਈ ਆਵਾਜ਼ ਆਈ, "ਕੀ ਹੋਇਆ ਬੇਟਾ, ਸਭ ਠੀਕ ਹੈ ਨਾ? ਫੋਨ ਚੁੱਕਣ ਵਿੱਚ ਇੰਨੀ ਦੇਰ ਕਿਉਂ ਲਾ ਦਿੱਤੀ।" ਪਾਪਾ ਦੀ ਆਵਾਜ਼ ਸੁਣਦੇ ਹੀ ਸੁਮੀ ਹੌਲੀ ਜਿਹੇ ਬੋਲੀ, "ਹਾਂ ਪਾਪਾ, ਸਭ ਠੀਕ ਹੈ। ਉਹ ਵਿਜੇ ਜੀ ਅਤੇ ਬੱਚੇ ਉਪਰਲੇ ਕਮਰੇ ਵਿੱਚ ਕੈਰਮ ਖੇਡ ਰਹੇ ਹਨ ਅਤੇ ਮੈਂ ਰਸੋਈ ਵਿੱਚ ਖਾਣਾ ਬਣਾ ਰਹੀ ਸੀ, ਇਸ ਲਈ ਫੋਨ ਚੁੱਕਣ ਵਿੱਚ ਦੇਰ ਹੋ ਗਈ।"

ਪਾਪਾ ਨੇ ਕਿਹਾ, "ਠੀਕ ਹੈ, ਰੱਖਦਾ ਹਾਂ।"

ਫੋਨ ਰੱਖ ਕੇ ਸੁਮੀ ਸੋਚਣ ਲੱਗੀ, ਕੀ ਇਹ ਉਹੀ ਪਾਪਾ ਹਨ, ਜਿਨ੍ਹਾਂ ਤੋਂ ਉਹ ਬਚਪਨ ਵਿੱਚ ਬਹੁਤ ਡਰਦੀ ਸੀ, ਹਾਲਾਂਕਿ ਉਹ ਉਸ ਨੂੰ ਜ਼ਿਆਦਾ ਡਾਂਟਦੇ ਨਹੀਂ ਸਨ, ਪਰ ਕਦੇ ਖੁੱਲ੍ਹ ਕੇ ਪਿਆਰ ਵੀ ਨਹੀਂ ਕਰਦੇ ਸਨ। ਸੁਮੀ ਅਤੇ ਉਸ ਦਾ ਭਰਾ ਜਿੰਨੇ ਆਪਣੀ ਮਾਂ ਦੇ ਨੇੜੇ ਸਨ, ਓਨੇ ਹੀ ਆਪਣੇ ਪਾਪਾ ਤੋਂ ਦੂਰ ਸਨ। ਪਾਪਾ ਉਨ੍ਹਾਂ ਨਾਲ ਜ਼ਿਆਦਾ ਗੱਲ ਨਹੀਂ ਕਰਦੇ ਸਨ, ਬੱਸ ਕਦੇ ਕਦਾਈਂ ਉਨ੍ਹਾਂ ਦੀ ਪੜ੍ਹਾਈ ਬਾਰੇ ਪੁੱਛ ਲੈਂਦੇ ਸਨ। ਕਦੇ ਉਨ੍ਹਾਂ ਨੂੰ ਬਾਹਰ ਘੁਮਾਉਣ ਵੀ ਲੈ ਜਾਂਦੇ, ਤਾਂ ਦੋਵੇਂ ਭਰਾ-ਭੈਣ ਆਪਣੀ ਮਾਂ ਨੂੰ ਹੀ ਹਰ ਚੀਜ਼ ਦੀ ਫਰਮਾਇਸ਼ ਕਰਦੇ। ਵੱਡੇ ਹੋਣ 'ਤੇ ਸੁਮੀ ਦਾ ਵਿਆਹ ਆਪਣੇ ਹੀ ਸ਼ਹਿਰ ਵਿੱਚ ਹੋ ਗਿਆ ਸੀ ਅਤੇ ਭਰਾ ਆਪਣੇ ਪਰਵਾਰ ਨਾਲ ਦੁਬਈ ਸੈਟਲ ਹੋ ਗਿਆ ਸੀ।

ਵਿਆਹ ਹੋਣ ਦੇ ਬਾਅਦ ਜਦ-ਜਦ ਸੁਮੀ ਪੇਕੇ ਜਾਂਦੀ ਤਾਂ ਪਾਪਾ ਨਾਲ ਰਸਮੀ ਗੱਲ ਹੀ ਹੁੰਦੀ ਸੀ, ਪਰ ਜਦ ਆਪਣੇ ਬੱਚਿਆਂ ਨੂੰ ਦੇਖਦੀ ਕਿ ਉਹ ਆਪਣੇ ਪਿਤਾ ਦੇ ਕਿੰਨੇ ਨੇੜੇ ਹਨ ਅਤੇ ਉਨ੍ਹਾਂ ਨਾਲ ਹਰ ਗੱਲ ਇੱਕ ਦੋਸਤ ਦੀ ਤਰ੍ਹਾਂ ਸ਼ੇਅਰ ਕਰਦੇ ਹਨ ਤਾਂ ਉਸ ਦੇ ਦਿਲ ਵਿੱਚ ਚੀਸ ਜਿਹੀ ਉਠਦੀ ਕਿ ਕਾਸ਼, ਉਸ ਦੇ ਪਾਪਾ ਵੀ ਉਸ ਦੇ ਨਾਲ ਅਜਿਹੇ ਹੀ ਰਹਿੰਦੇ।

ਇਧਰ ਜਦ ਤੋਂ ਇਹ ਲਾਕਡਾਊਨ ਸ਼ੁਰੂ ਹੋਇਆ ਅਤੇ ਸਭ ਲੋਕ ਆਪਣੇ ਘਰਾਂ ਵਿੱਚ ਕੈਦ ਹੋ ਗਏ, ਤਦ ਤੋਂ ਹਰ ਦੂਸਰੇ ਦਿਨ ਸੁਮੀ ਦੇ ਪਾਪਾ ਉਸ ਨੂੰ ਫੋਨ ਕਰਦੇ ਹਨ ਤੇ ਉਸ ਦੇ ਹਾਲਚਾਲ ਪੁੱਛਚਾਲ ਹਨ। ਫੋਨ ਚੁੱਕਣ ਵਿੱਚ ਜ਼ਰਾ ਜਿੰਨੀ ਵੀ ਦੇਰ ਹੋ ਜਾਂਦੀ ਤਾਂ ਕਿਸੇ ਅਣਹੋਣੀ ਦੀ ਡਰ ਕਾਰਨ ਘਬਰਾ ਜਾਂਦੇ ਹਨ।

ਅੱਜ ਸੁਮੀ ਨੂੰ ਆਪਣੇ ਪਾਪਾ ਦਾ ਪਿਆਰ ਸਮਝ ਵਿੱਚ ਆਉਣ ਲੱਗਾ ਸੀ। ਉਸ ਨੂੰ ਪਤਾ ਲੱਗ ਗਿਆ ਸੀ ਕਿ ਉਸ ਦੇ ਪਾਪਾ ਵੀ ਉਸ ਨੂੰ ਬਹੁਤ ਪਿਆਰ ਕਰਦੇ ਹਨ, ਬੱਸ ਉਨ੍ਹਾਂ ਨੇ ਕਦੇ ਆਪਣਾ ਪਿਆਰ ਜਤਾਇਆ ਨਹੀਂ। ਉਹ ਇੰਤਜ਼ਾਰ ਕਰ ਰਹੀ ਹੈ ਕਿ ਕਦੋਂ ਲਾਕਡਾਊਨ ਖਤਮ ਹੋਵੇ ਅਤੇ ਉਹ ਇੱਕ ਵਾਰ ਆਪਣੇ ਪਾਪਾ ਨੂੰ ਗਲੇ ਮਿਲ ਕੇ ਉਨ੍ਹਾਂ ਨੂੰ ਕਹੇ, "ਆਈ ਲਵ ਯੂ ਪਾਪਾ।"

ਕਾਮਿਆਂ ਦੀ ਲੋੜ
ਫਾਰਮ ਵਿੱਚ ਕੰਮ ਕਰਨ ਲਈ ਕਾਮਿਆਂ ਦੀ ਤੁਰੰਤ ਜਰੂਰਤ ਹੈ । ਮਟਰ ਤੋੜਨ ਲਈ ਬੀਬੀਆਂ ਦੀ ਵੀ ਲੋੜ ਹੈ।
ਪੀਕ ਅਪ ਅਤੇ ਡਰਾਪ ਆਫ ਦਾ ਵੀ ਪੂਰਾ ਪ੍ਰਬੰਧ ਹੈ।
ਵਧੇਰੇ ਜਾਣਕਰੀ ਲਈ ਸੰਪਰਕ ਕਰੋ:
ਸੂਬੇਦਾਰ ਗਰੇਵਾਲ
647-400-0060
ਜਾਂ ਬਲਬੀਰ
284-541-5384


jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ


ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

Visions of Punjab

Natasha Mahal
Co-Host
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com

Iqbal Mahal
Producer & Host
Serving the South Asian Community Since 1976

GREAT OPPOURTUNITY TO INVEST IN NIAGRA FALLS

- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months
Starting from low 400,000
✓ Freehold ✓ 25x100ft lot
✓ Individual Yard & Driveway ✓ Finished Basement
40k Deposit Structure: $10,000 Submitted with offer; $10,000 Submitted 90 days after Offer Date; $20,000 Submitted 150 days after Offer Date
Residential | Commercial | Investment
Jagdish Grewal
Sales Representative
(416) 970-5005

Century 21 President Realty Inc. Brokerage
www.vipcondonetwork.com
27 Armthorpe Rd Brampton #3,
ON L6T 5M4 | Fax : 905-488-2101
Office: 905-488-2100 Ext. 348

BEST CANADIAN TRUCK & FORKLIFT TRAINING CENTRE
Best Canadian Truck & Forklift Training Centre
Registered as a Private Career College Under the Private Career College Act. 2005

AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-


Karnail Singh
416.670.3173 | 905.799.7333
27 Edvac Dr, Brampton, ON L6S 5X8

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday

Chamkaur Singh
Producer/ Host
Cell: 416 662 1313
Email: punjabirang13@hotmail.com

# ਗਵਾਂਢੀ ਦੇਸ਼ਾਂ ਨਾਲ ਸੰਬੰਧਾਂ ਬਾਰੇ ਭਾਰਤ ਦੀ ਝੂਲੇ ਵਾਂਗ ਝੂਲ ਰਹੀ ਵਿਦੇਸ਼ ਨੀਤੀ



ਜਤਿੰਦਰ ਪੰਨੂ

ਐਨ ਓਦੋਂ, ਜਦੋਂ ਸਾਰਾ ਭਾਰਤ ਦੇਸ਼ ਸੰਸਾਰ ਭਰ ਵਿੱਚ ਫੈਲੀ ਹੋਈ ਕੋਰੋਨਾ ਵਾਇਰਸ ਦੀ ਮਹਾਮਾਰੀ ਨਾਲ ਲੜਨ ਰੁੱਝਾ ਪਿਆ ਸੀ, ਭਾਰਤ-ਚੀਨ ਵਿਚਾਲੇ ਅਸਲੀ ਕੰਟਰੋਲ ਰੇਖਾ ਉੱਤੇ ਅਚਾਨਕ ਹੋਈ ਖੂਨੀ ਟੱਕਰ ਨੇ ਸਾਰਿਆਂ ਦਾ ਧਿਆਨ ਖਿੱਚ ਲਿਆ ਹੈ। ਜਦੋਂ ਤੱਕ ਚੀਨ ਨਾਲ ਇਹ ਟੱਕਰ ਨਹੀਂ ਹੋਈ, ਚਰਚਾ ਦਾ ਵਿਸ਼ਾ ਓਨਾ ਚੀਨ ਨਹੀਂ, ਜਿੰਨਾ ਇਹ ਸੀ ਕਿ ਪਾਕਿਸਤਾਨ ਨਾਲ ਸਬੰਧਾਂ ਦੀ ਕੁੜੱਤਣ ਕਿਸੇ ਦਿਨ ਚੰਦ ਚਾੜ੍ਹ ਸਕਦੀ ਹੈ। ਤਨਾਅ ਜ਼ਰੂਰ ਚੀਨ ਵਾਲੀ ਕੰਟਰੋਲ ਰੇਖਾ ਉੱਤੇ ਸੀ, ਪਰ ਜਦੋਂ ਦੋਵਾਂ ਦੇਸ਼ਾਂ ਦੇ ਡਿਪਲੋਮੇਟਾਂ ਤੇ ਫਿਰ ਦੋਵਾਂ ਦੀਆਂ ਫੌਜਾਂ ਦੇ ਜਰਨੈਲਾਂ ਦੀਆਂ ਮੀਟਿੰਗਾਂ ਚੱਲਣ ਲੱਗ ਪਈਆਂ ਤਾਂ ਖਬਰਾਂ ਇਹ ਸਨ ਕਿ ਤਨਾਅ ਘਟ ਰਿਹਾ ਹੈ ਤੇ ਦੋਵਾਂ ਧਿਰਾਂ ਦੀ ਫੌਜ ਪਿੱਛੇ ਹਟਣ ਵਾਲੀ ਹੈ। ਅਚਾਨਕ ਸੋਮਵਾਰ ਰਾਤ ਜਦੋਂ ਦੋਵਾਂ ਧਿਰਾਂ ਦੀ ਝੜਪ ਦੀ ਖਬਰ ਆਈ ਤਾਂ ਪਤਾ ਲੱਗਾ ਕਿ ਭਾਰਤ ਦੇ ਵੀਹ ਫੌਜੀ ਓਥੇ ਮਾਰੇ ਗਏ ਹਨ। ਇਸ ਨਾਲ ਇੱਕਦਮ ਸਾਰੀ ਸਥਿਤੀ ਬਦਲ ਗਈ। ਅੱਜ ਕੋਈ ਇਹ ਆਖ ਰਿਹਾ ਹੈ ਕਿ ਚੀਨ ਨੂੰ ਸਬਕ ਸਿਖਾਉਣ ਲਈ ਕੁਝ ਕਰਨਾ ਚਾਹੀਦਾ ਹੈ, ਪਤਾ ਨਹੀਂ ਕੀ ਕਰਨਾ ਚਾਹੀਦਾ ਹੈ, ਕੋਈ ਕਹਿੰਦਾ ਹੈ ਕਿ ਚੀਨੀ ਮਾਲ ਦਾ ਬਾਈਕਾਟ ਕਰਨ ਦਾ ਵਕਤ ਆ ਗਿਆ ਹੈ। ਜਿਹੜੇ ਲੋਕ ਚੀਨੀ ਸਾਮਾਨ ਦੇ ਬਾਈਕਾਟ ਦੀਆਂ ਗੱਲਾਂ ਕਹਿੰਦੇ ਹਨ, ਉਹ ਹੱਥਾਂ ਵਿੱਚ ਚੀਨ ਦੇ ਬਣੇ ਮੋਬਾਈਲ ਸੈੱਟ ਫੜ ਕੇ ਚੀਨ ਦੇ ਖਿਲਾਫ ਬੋਲਦੇ ਹੋਏ ਹਾਸੋਹੀਣੇ ਲੱਗਦੇ ਹਨ। ਕੇਂਦਰ ਸਰਕਾਰ ਦੇ ਆਪਣੇ ਕਈ ਵਿਭਾਗਾਂ ਵਿੱਚ ਵੀ ਚੀਨੀ ਮਾਲ ਦੀ ਖੁੱਲ੍ਹੀ ਵਰਤੋਂ ਹੋਈ ਜਾਂਦੀ ਹੈ। ਚਲੋ ਜੋ ਵੀ ਹੋਵੇ, ਦੇਸ਼ ਸਰਕਾਰ ਦੇ ਨਾਲ ਖੜ੍ਹਾ ਹੈ, ਖੜ੍ਹਾ ਰਹੇਗਾ।

ਹਰ ਔਖੀ ਘੜੀ ਵਿੱਚ ਭਾਰਤ ਦੇ ਲੋਕ ਆਪਣੀ ਸਰਕਾਰ, ਉਹ ਕਿਸੇ ਵੀ ਪਾਰਟੀ ਦੀ ਹੋਵੇ, ਦੇ ਨਾਲ ਖੜੋਂਦੇ ਆਏ ਹਨ ਤੇ ਖੜੋਂਦੇ ਰਹਿਣਗੇ, ਪਰ ਇਹ ਗੱਲ ਕਈ ਵਾਰ ਸੋਚਣੀ ਪੈਂਦੀ ਹੈ ਕਿ ਭਾਰਤ ਦੀ ਆਪਣੇ ਗਵਾਂਢੀਆਂ ਨਾਲ ਸੰਬੰਧਾਂ ਦੀ ਅਸਲ ਵਿੱਚ ਨੀਤੀ ਕੀ ਹੈ? ਅੱਜ ਸਵਾਲ ਚੀਨ ਦਾ ਉੱਠ ਰਿਹਾ ਹੈ, ਪਿਛਲੇਰੇ ਹਫਤੇ ਤੱਕ ਸਵਾਲ ਪਾਕਿਸਤਾਨ ਵੱਲ ਨੀਤੀ ਦਾ ਸੀ। ਇਸ ਦੌਰਾਨ ਨੇਪਾਲ ਨਾਲ ਵੀ ਸੰਬੰਧਾਂ ਵਿੱਚ ਕੌੜ ਆ ਚੁੱਕੀ ਹੈ। ਇਹ ਸਾਰਾ ਕੁਝ ਇਸ ਵੇਲੇ ਦੀ ਸਰਕਾਰ ਦੇ ਦੌਰਾਨ ਹੀ ਨਹੀਂ ਹੋਇਆ, ਪਿਛਲੇ ਕਾਫੀ ਸਮੇਂ ਤੋਂ ਅਸੀਂ ਵੇਖਦੇ ਰਹੇ ਹਾਂ ਕਿ ਭਾਰਤ ਦੀ ਵਿਦੇਸ਼ ਨੀਤੀ ਸਮਝਣਾ ਬੜਾ ਮੁਸ਼ਕਲ ਹੋ ਜਾਂਦਾ ਹੈ। ਕਦੀ ਗਵਾਂਢੀ ਦੇਸ਼ਾਂ ਦੇ ਹਾਕਮਾਂ ਨਾਲ ਹੱਦ ਤੋਂ ਵੱਧ ਉਲਾਰ ਹੋ ਕੇ ਜੱਫੀਆਂ ਪਾਉਣ ਦਾ ਚੱਕਰ ਚੱਲ ਪੈਂਦਾ ਹੈ ਤੇ ਕਦੀ ਉਨ੍ਹਾਂ ਨਾਲ ਏਨੀ ਕੌੜ ਵਧ ਜਾਂਦੀ ਹੈ ਕਿ ਮਰਨ-ਮਾਰਨ ਤੱਕ ਗੱਲ ਪਹੁੰਚ ਜਾਂਦੀ ਹੈ। ਵਿਦੇਸ਼ ਨੀਤੀ ਦਾ ਇੱਕ ਜਾਂ ਦੂਸਰੇ ਪਾਸੇ ਦਾ ਉਲਾਰਪਣ ਇਸ ਦੇਸ਼ ਦੇ ਨਾਗਰਿਕਾਂ ਦੇ ਪੱਲੇ ਹੀ ਨਹੀਂ ਪੈਂਦਾ।

ਚੀਨ ਨਾਲ ਸੰਬੰਧਾਂ ਵਿੱਚ ਇੱਕ ਅਜੀਬ ਮੋੜ ਪੰਡਿਤ ਜਵਾਹਰ ਲਾਲ ਨਹਿਰੂ ਦੇ ਵਕਤ ਆਇਆ ਸੀ, ਜਦੋਂ ਪਹਿਲਾਂ ਦੋਵਾਂ ਦੇ ਪ੍ਰਧਾਨ ਮੰਤਰੀਆਂ, ਜਵਾਹਰ ਲਾਲ ਨਹਿਰੂ ਅਤੇ ਚੂ ਐਨ ਲਾਈ ਨੇ ਮੀਟਿੰਗਾਂ ਕੀਤੀਆਂ ਤੇ ਆਪਸੀ ਸਾਂਝ ਵਧਾਉਣ ਲਈ 'ਪੰਚ ਸ਼ੀਲ' ਵਾਲਾ ਸਿਧਾਂਤ ਦੋਵੀਂ ਪਾਸੀਂ ਚੁੱਕਿਆ ਸੀ। ਫਿਰ ਅਸਲ ਕੰਟਰੋਲ ਰੇਖਾ ਉੱਤੇ ਥੋੜ੍ਹੀ-ਥੋੜ੍ਹੀ ਖਹਿਬਾਜ਼ੀ ਤੋਂ ਚੱਲਦੀ ਗੱਲ ਜੰਗ ਤੱਕ ਚਲੀ ਗਈ। ਅੱਜ ਫਿਰ ਉਹੋ ਕੁਝ ਹੁੰਦਾ ਪਿਆ ਹੈ। ਨਹਿਰੂ ਦੇ ਵਕਤ ਜਿਨ੍ਹਾਂ ਜਨ ਸੰਘ ਵਾਲੇ ਆਗੂਆਂ ਨੇ ਪੰਚ-ਸ਼ੀਲ ਸਿਧਾਂਤ ਦਾ ਵਿਰੋਧ ਕੀਤਾ ਸੀ ਅਤੇ ਚੀਨ ਨਾਲ ਨੇੜ ਕਰਨ ਕਰ ਕੇ ਨਹਿਰੂ ਦੇ ਖਿਲਾਫ ਮੁਹਿੰਮ ਵੀ ਵਿੱਢ ਰੱਖੀ ਸੀ, ਸਾਲ 2014 ਵਿੱਚ ਜਦੋਂ ਓਸੇ ਜਨ ਸੰਘ ਵਾਲਿਆਂ ਦੇ ਨਵੇਂ ਰਾਜਸੀ ਜੁਗਾੜ ਭਾਰਤੀ ਜਨਤਾ ਪਾਰਟੀ ਦਾ ਨੇਤਾ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਬਣ ਗਿਆ ਤਾਂ ਉਸ ਨੇ ਚੀਨ ਦੇ ਰਾਸ਼ਟਰਪਤੀ ਨੂੰ ਗੁਜਰਾਤ ਵਿੱਚ ਸੱਦ ਕੇ ਕਈ ਥਾਂ ਘੁਮਾਇਆ ਅਤੇ ਨਿੱਜੀ ਨੇੜ ਵਾਲਾ ਪ੍ਰਭਾਵ ਬਣਾ ਦਿੱਤਾ ਸੀ। ਫਿਰ ਦੋਵੇਂ ਕਈ ਵਾਰ ਮਿਲੇ ਅਤੇ ਕਈ ਵਾਰ ਤਿੱਖੀ ਕੌੜ ਦਾ ਸਮਾਂ ਵੀ ਆਇਆ। ਦੋਵਾਂ ਦੀ ਆਖਰੀ ਮੀਟਿੰਗ ਹਾਲੇ ਬੀਤੇ ਅਕਤੂਬਰ ਵਿੱਚ ਭਾਰਤ ਦੇ ਤਾਮਿਲ ਨਾਡੂ ਵਿਚਲੇ ਮੱਲਾਪੁਰਮ ਸ਼ਹਿਰ ਵਿੱਚ ਹੋਈ ਸੀ ਤੇ ਓਥੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੂੰ ਵਿਰਾਸਤੀ ਯਾਦਗਾਰਾਂ ਵਿੱਚ ਘੁੰਮਾਉਣ ਦੇ ਵਕਤ ਮੋਦੀ ਸਾਹਿਬ ਉਸ ਦੇ ਗਾਈਡ ਵਾਂਗ ਵਿਹਾਰ ਕਰਦੇ ਪਏ ਸਨ। ਫਿਰ ਖਬਰ ਆਈ ਕਿ ਦੋਵਾਂ ਦੇਸ਼ ਵਿੱਚ ਅੱਜ ਤੋਂ ਸੱਤਰ ਸਾਲ ਪਹਿਲਾਂ ਨਹਿਰੂ ਦੇ ਵਕਤ ਬਣੀ ਪਹਿਲੀ ਸਾਂਝ ਦੀ ਯਾਦ ਵਿੱਚ ਭਾਰਤ ਸਰਕਾਰ ਨੇ ਇੱਕ ਸਿੱਕਾ ਅਪਰੈਲ ਵਿੱਚ ਜਾਰੀ ਕਰਨਾ ਹੈ, ਜਿਹੜਾ ਦੋਵਾਂ ਦੇਸ਼ਾਂ ਦੀ ਮਿੱਤਰਤਾ ਦਾ ਸੰਦੇਸ਼ ਦੇਵੇਗਾ। ਅਚਾਨਕ ਕੋਰੋਨਾ ਦੀ ਮਾਰ ਨੇ ਹਾਲਾਤ ਨਾ ਬਦਲ ਦਿੱਤੇ ਹੁੰਦੇ ਤੇ ਮਾਰਚ ਵਿੱਚ ਸਭ ਕੁਝ ਠੱਪ ਨਾ ਹੋ ਗਿਆ ਹੁੰਦਾ ਤਾਂ ਇਸ ਵੇਲੇ ਲੋਕਾਂ ਕੋਲ ਭਾਰਤ-ਚੀਨ ਦੋਸਤੀ ਦੇ ਸਿੱਕੇ ਘੁੰਮਦੇ ਹੋਣੇ ਸਨ। ਅੱਜ ਸਾਂਝ ਵਾਲੇ ਸਿੱਕੇ ਦੀ ਬਜਾਏ ਭਾਰਤ-ਚੀਨ ਦੀ ਫੌਜੀ ਝੜਪ ਕਾਰਨ ਹਰ ਪਾਸੇ ਕੁੜੱਤਣ ਅਤੇ ਟਕਰਾਅ ਦੀਆਂ ਗੱਲਾਂ ਸੁਣਨ ਨੂੰ ਮਿਲ ਰਹੀਆਂ ਹਨ। ਭਲਕ ਨੂੰ ਫਿਰ ਦੋਸਤੀ ਦੀ ਗੱਲ ਚੱਲ ਸਕਦੀ ਹੈ।




ਸਾਡੇ ਦੂਸਰੇ ਪਾਸੇ ਪਾਕਿਸਤਾਨ ਹੈ, ਜਿਸ ਦੇ ਬਾਰੇ ਜਨ ਸੰਘ ਵਾਲੇ ਦਿਨਾਂ ਤੋਂ ਸੰਘ ਪਰਵਾਰ ਨਾਲ ਜੁੜੇ ਲੋਕ ਇਹ ਕਹਿੰਦੇ ਰਹੇ ਸਨ ਕਿ ਉਸ ਨੂੰ ਸਬਕ ਸਿਖਾਉਣ ਦੀ ਲੋੜ ਹੈ। ਉਸ ਦੇਸ਼ ਦੇ ਵਾਸਤੇ ਵੀ ਭਾਰਤ ਦੀ ਵਿਦੇਸ਼ ਨੀਤੀ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਦੇ ਵਕਤ ਤੋਂ ਅੱਜ ਤੱਕ ਝੂਲਣੇ ਵਰਗੀ ਬਣੀ ਰਹੀ ਹੈ। ਨਰਿੰਦਰ ਮੋਦੀ ਨੇ ਜਦੋਂ ਪਹਿਲੀ ਵਾਰੀ ਪ੍ਰਧਾਨ ਮੰਤਰੀ ਬਣਨ ਵਾਸਤੇ ਦੌੜ ਲਾਈ ਸੀ, ਉਸ ਨੇ ਕਿਹਾ ਸੀ ਕਿ ਅਸੀਂ ਜਿੱਤਾਂਗੇ ਤਾਂ ਪਾਕਿਸਤਾਨ ਵਿੱਚ ਸੁੰਨ ਵਰਤ ਜਾਵੇਗੀ ਤੇ ਜੇ ਅਸੀਂ ਜਿੱਤ ਨਾ ਸਕੇ ਤਾਂ ਪਾਕਿ-ਸਤਾਨ ਵਿੱਚ ਖੁਸ਼ੀ ਮਨਾਈ ਜਾਵੇਗੀ। ਚੋਣ ਜਿੱਤਣ ਦੇ ਬਾਅਦ ਆਪਣੇ ਸਹੁੰ ਚੁੱਕਣ ਵੇਲੇ ਓਸੇ ਨਰਿੰਦਰ ਮੋਦੀ ਨੇ ਜਿਹੜੇ ਵਿਦੇਸ਼ੀ ਮਹਿਮਾਨ ਉਚੇਚੇ ਸੱਦੇ, ਉਨ੍ਹਾਂ ਵਿੱਚ ਪਾਕਿਸਤਾਨ ਦਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਤੇ ਉਸ ਦੀ ਧੀ ਵੀ ਸਨ। ਓਸੇ ਪਾਕਿਸਤਾਨ ਦਾ, ਜਿਸ ਦੇ ਖਿਲਾਫ ਲਲਕਾਰੇ ਮਾਰ ਕੇ ਚੋਣ ਜਿੱਤੀ ਸੀ। ਦੋ ਕੁ ਮਹੀਨੇ ਲੰਘੇ ਸਨ ਕਿ ਜੰਮੂ-ਕਸ਼ਮੀਰ ਵਿੱਚ ਕੰਟਰੋਲ ਰੇਖਾ ਉੱਤੇ ਰੋਜ਼ ਹੁੰਦੀ ਗੋਲੀਬਾਰੀ ਕਾਰਨ ਸੰਬੰਧ ਵਿਗੜਨ ਲੱਗ ਪਏ ਤੇ ਥੋੜ੍ਹਾ ਸਮਾਂ ਬਾਅਦ ਜਦੋਂ ਉਸੇ ਨਵਾਜ਼ ਸ਼ਰੀਫ ਨਾਲ ਨੇਪਾਲ ਦੀ ਰਾਜਧਾਨੀ ਕਾਠਮੰਡੂ ਵਿੱਚ ਸਾਰਕ ਦੇ ਸਾਂਝੇ ਮੰਚ ਦੌਰਾਨ ਇਕੱਠੇ ਹੋਏ ਤਾਂ ਦੋਵਾਂ ਨੇ ਨਾ ਹੱਥ ਮਿਲਾਏ ਸਨ ਤੇ ਨਾ ਅੱਖ ਮਿਲਾਈ ਸੀ। ਨਵਾਜ਼ ਸ਼ਰੀਫ ਬੋਲਣ ਵਾਸਤੇ ਗਿਆ ਤਾਂ ਸਾਡੇ ਪ੍ਰਧਾਨ ਮੰਤਰੀ ਨੇ ਆਪਣੇ ਮੂੰਹ ਅੱਗੇ ਅਖਬਾਰ ਕਰ ਲਈ ਸੀ। ਸਿਰਫ ਚੌਵੀ ਘੰਟੇ ਪਿੱਛੋਂ ਜਦੋਂ ਨੇਪਾਲ ਦੇ ਪ੍ਰਧਾਨ ਮੰਤਰੀ ਦੇ ਘਰ ਦੋਵੇਂ ਜਣੇ ਪ੍ਰੈੱਸ ਦੇ ਸਾਹਮਣੇ ਆਏ ਤਾਂ ਤੇਤੀ ਸੈਕਿੰਡ ਇੱਕ ਦੂਸਰੇ ਦਾ ਹੱਥ ਫੜ ਕੇ ਹਿਲਾਈ ਗਏ ਸਨ। ਪਿੱਛੋਂ ਇਹ ਪਤਾ ਲੱਗਾ ਕਿ ਸਟੀਲ ਦੇ ਇੱਕ ਕਾਰੋਬਾਰੀ ਨੇ ਅੱਧੀ ਰਾਤ ਵੇਲੇ ਦੋਵਾਂ ਦੀ ਮੀਟਿੰਗ ਕਰਵਾ ਦਿੱਤੀ ਸੀ ਤੇ ਉਸ ਨਾਲ ਕੌੜ ਮਿਟ ਗਈ ਹੈ, ਪਰ ਇਹ ਸਾਂਝ ਮਸਾਂ ਇੱਕ ਮਹੀਨਾ ਚੱਲੀ ਤੇ ਫਿਰ ਬੋਲਚਾਲ ਬੰਦ ਹੋ ਗਿਆ ਸੀ।

ਇਸ ਤੋਂ ਪਹਿਲਾਂ ਜਦੋਂ ਭਾਰਤ-ਪਾਕਿਸਤਾਨ ਵਿਚਾਲੇ ਬੱਸ ਚਲਾਉਣੀ ਸੀ, ਓਦੋਂ ਦੇ ਸਾਡੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਬਿਨਾਂ ਸੱਦੇ ਤੋਂ ਲਾਹੌਰ ਚਲੇ ਗਏ ਅਤੇ ਓਥੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨਾਲ ਸਮਝੌਤਾ ਵੀ ਸਿਰੇ ਚਾੜ੍ਹ ਆਏ ਸਨ। ਹਾਲੇ ਲਾਹੌਰ ਐਲਾਨਨਾਮੇ ਨੂੰ ਤਿੰਨ ਮਹੀਨੇ ਨਹੀਂ ਸੀ ਬੀਤੇ ਕਿ ਕਾਰਗਿਲ ਦੀਆਂ ਪਹਾੜੀਆਂ ਉੱਤੇ ਜੰਗ ਲੜਨੀ ਪੈ ਗਈ ਸੀ। ਫਿਰ ਨਵਾਜ਼ ਸ਼ਰੀਫ ਦਾ ਤਖਤਾ ਪਲਟ ਕੇ ਉਹ ਹੀ ਜਨਰਲ ਮੁਸ਼ੱਰਫ ਮੁਖੀਆ ਬਣ ਗਿਆ, ਜਿਸ ਨੇ ਕਾਰਗਿਲ ਦੀ ਜੰਗ ਛੇੜੀ ਸੀ। ਵਾਜਪਾਈ ਸਰਕਾਰ ਨੇ ਕਿਹਾ ਕਿ ਉਸ ਨਾਲ ਅਸੀਂ ਕੋਈ ਸਾਂਝ ਨਹੀਂ ਪਾ ਸਕਦੇ, ਪਰ ਮਸਾਂ ਇੱਕ ਸਾਲ ਲੰਘਿਆ ਸੀ ਤੇ ਓਸੇ ਜਨਰਲ ਮੁਸ਼ੱਰਫ ਨੂੰ ਦਿੱਲੀ ਸੱਦ ਕੇ ਉਸ ਦੇ ਜਨਮ ਵਾਲੇ ਘਰ ਨਹਿਰ ਵਾਲੀ ਹਵੇਲੀ ਦੇ ਦਰਸ਼ਨ ਵੀ ਕਰਵਾਏ ਤੇ ਆਗਰੇ ਦਾ ਤਾਜ ਮਹਿਲ ਵੀ ਵਿਖਾ ਕੇ ਸਮਝੌਤਾ ਹੋ ਜਾਣ ਦੀ ਆਸ ਕੀਤੀ ਸੀ। ਦੁੱਧ ਚੋਣ ਵੇਲੇ ਜਿਵੇਂ ਗਾਂ ਛੜ ਮਾਰ ਕੇ ਟਾਲ ਦੇਂਦੀ ਹੈ, ਓਦੋਂ ਓਥੇ ਲਿਖੇ ਪਏ ਸਮਝੌਤੇ ਉੱਤੇ ਦਸਖਤ ਕਰਨ ਤੋਂ ਨਾਂਹ ਕਰ ਕੇ ਮੁਸ਼ੱਰਫ ਅੱਧੀ ਰਾਤ ਨੂੰ ਪਾਕਿਸਤਾਨ ਨੂੰ ਉਡਾਰੀ ਲਾ ਗਿਆ ਸੀ ਤਾਂ ਭਾਰਤ ਵਿੱਚ ਫਿਰ ਕੁੜੱਤਣ ਦਾ ਦੌਰ ਸ਼ੁਰੂ ਹੋ ਗਿਆ ਸੀ। ਇਹ ਦੌਰ ਭਾਰਤ ਵਿੱਚ ਪਹਿਲਾਂ ਵੀ ਕਈ ਵਾਰੀ ਆਇਆ ਹੈ ਅਤੇ ਅਗਾਂਹ ਵੀ ਆਉਂਦਾ ਰਹਿਣਾ ਹੈ।

ਨੇਪਾਲ ਸਾਡਾ ਮਿੱਤਰ ਦੇਸ਼ ਹੈ। ਇਸ ਵਕਤ ਕੁਝ ਕੌੜ ਹੈ ਤਾਂ ਦੁਸ਼ਮਣਾਂ ਵਿੱਚ ਨਹੀਂ ਗਿਣ ਲੈਣਾ ਚਾਹੀਦਾ। ਪ੍ਰਧਾਨ ਮੰਤਰੀ ਦੀ ਜ਼ਿਮੇਵਾਰੀ ਸੰਭਾਲ ਕੇ ਨਰਿੰਦਰ ਮੋਦੀ ਨੇ ਸਭ ਤੋਂ ਪਹਿਲਾ ਦੌਰਾ ਏਸੇ ਨੇਪਾਲ ਦਾ ਕੀਤਾ ਅਤੇ ਸਦੀਆਂ ਪੁਰਾਣੇ ਭਾਰਤ-ਨੇਪਾਲ ਸੰਬੰਧ ਅੱਗੇ ਵਧਾਉਣ ਦਾ ਐਲਾਨ ਕੀਤਾ ਸੀ। ਮਗਰੋਂ ਕੁਝ ਮੁੱਦਿਆਂ ਉੱਤੇ ਕੁੜੱਤਣ ਆ ਗਈ ਤਾਂ ਸਦੀਆਂ ਦੀ ਸਾਂਝ ਨੂੰ ਟੁੱਟ ਗਿਆ ਨਹੀਂ ਮੰਨ ਲੈਣਾ ਚਾਹੀਦਾ। ਮੋੜਾ ਪੈਣ ਦੀ ਗੁੰਜਾਇਸ਼ ਅਜੇ ਵੀ ਰੱਖਣੀ ਚਾਹੀਦੀ ਹੈ।

ਬੰਗਲਾ ਦੇਸ਼ ਨਾਲ ਨਰਿੰਦਰ ਮੋਦੀ ਸਰਕਾਰ ਨੇ ਇੱਕ ਸਮਝੌਤਾ ਕੀਤਾ ਸੀ ਤੇ ਠੀਕ ਕੀਤਾ ਸੀ। ਇਸ ਸਮਝੌਤੇ ਦਾ ਦੂਸਰਾ ਪੱਖ ਇਹ ਹੈ ਕਿ ਇਸ ਦਾ ਸਾਰਾ ਖਰੜਾ ਪਿਛਲੀ ਡਾਕਟਰ ਮਨਮੋਹਨ ਸਿੰਘ ਵਾਲੀ ਸਰਕਾਰ ਨੇ ਬਣਾਇਆ ਸੀ ਤੇ ਜਦੋਂ ਦੋਵਾਂ ਦੇਸ਼ਾਂ ਵੱਲੋਂ ਦਸਖਤਾਂ ਲਈ ਪੇਸ਼ ਕਰਨਾ ਸੀ ਤਾਂ ਭਾਜਪਾ ਨੇ ਇਸ ਦਾ ਵਿਰੋਧ ਕੀਤਾ ਸੀ। ਭਾਜਪਾ ਦੇ ਨਰਿੰਦਰ ਮੋਦੀ ਦੀ ਸਰਕਾਰ ਨੇ ਉਹੀ ਸਮਝੌਤਾ ਬੰਗਲਾ ਦੇਸ਼ ਨਾਲ ਕਰ ਲਿਆ ਤੇ ਇਨ੍ਹਾਂ ਦੀ ਵਿਦੇਸ਼ ਮੰਤਰੀ ਬਣਨ ਮਗਰੋਂ ਭਾਜਪਾ ਆਗੂ ਸੁਸ਼ਮਾ ਸਵਰਾਜ ਨੇ ਪਾਰਲੀਮੈਂਟ ਵਿੱਚ ਪੇਸ਼ ਕਰਦੇ ਸਮੇਂ ਕਿਹਾ ਸੀ ਕਿ ਇਹ ਇੰਨ ਬਿੰਨ ਉਹੀ ਖਰੜਾ ਹੈ, ਜਿਹੜਾ ਪਿਛਲੀ ਸਰਕਾਰ ਨੇ ਤਿਆਰ ਕੀਤਾ ਸੀ, ਅਸੀਂ ਕੋਈ ਕੌਮਾ, ਬਿੰਦੀ ਵੀ ਨਹੀਂ ਬਦਲੀ। ਜਦੋਂ ਪਿਛਲੀ ਸਰਕਾਰ ਨੇ ਉਹ ਹੀ ਸਮਝੌਤਾ ਤਿਆਰ ਕੀਤਾ ਸੀ, ਜਿਹੜਾ ਨਰਿੰਦਰ ਮੋਦੀ ਸਰਕਾਰ ਨੇ ਲਾਗੂ ਕੀਤਾ ਸੀ, ਉਸ ਦੇ ਵਿਰੋਧ ਵਿੱਚ ਓਸੇ ਸੁਸ਼ਮਾ ਸਮਰਾਜ ਨੇ ਪਾਰਲੀਮੈਂਟ ਦੇ ਹੇਠਲੇ ਸਦਨ ਲੋਕ ਸਭਾ ਵਿੱਚ ਚੋਖੀ ਦੁਹਾਈ ਪਾਈ ਸੀ। ਜੇ ਸਮਝੌਤਾ ਠੀਕ ਸੀ, ਫਿਰ ਓਦੋਂ ਹੀ ਹੋ ਲੈਣ ਦੇਣਾ ਚਾਹੀਦਾ ਸੀ ਤੇ ਜੇ ਇਹ ਸਮਝੌਤਾ ਭਾਰਤ ਦੇ ਹਿੱਤਾਂ ਲਈ ਠੀਕ ਨਹੀਂ ਸੀ ਤਾਂ ਭਾਜਪਾਈ ਰਾਜ ਦੇ ਵਕਤ ਵੀ ਨਹੀਂ ਸੀ ਕੀਤਾ ਜਾਣਾ ਚਾਹੀਦਾ। ਲੋਕਾਂ ਨੂੰ ਇਸ ਵਿਹਾਰ ਦਾ ਵੀ ਕੋਈ ਕਾਰਨ ਸਮਝ ਨਹੀਂ ਸੀ ਆ ਸਕਿਆ।

ਕਿਸੇ ਵੀ ਦੇਸ਼ ਦੀ ਵਿਦੇਸ਼ ਨੀਤੀ ਦੀ ਕੋਈ ਪੱਕੀ ਸੇਧ ਹੁੰਦੀ ਹੈ, ਪਰ ਭਾਰਤ ਦੀ ਵਿਦੇਸ਼ ਨੀਤੀ ਆਜ਼ਾਦੀ ਮਿਲਣ ਦੇ ਦਿਨ ਤੋਂ ਕਿਸੇ ਵੀ ਸਮੇਂ ਏਨੀ ਸਾਫ ਨਹੀਂ ਰਹੀ, ਜਿੰਨੀ ਹੋਣੀ ਚਾਹੀਦੀ ਹੈ। ਇਹ ਹਮੇਸ਼ਾਂ ਝੂਲੇ ਵਾਂਗ ਝੂਲਦੀ ਦਿਖਾਈ ਦੇਂਦੀ ਹੈ। ਕਦੀ ਇਹ ਹੱਦੋਂ ਵੱਧ ਉਲਾਰ ਨੀਤੀ ਦਾ ਪ੍ਰਭਾਵ ਦੇਂਦੀ ਹੈ, ਕਦੀ ਸਿਰੇ ਦੀ ਕੁੜੱਤਣ ਦਾ। ਦੂਸਰੇ ਪਾਸੇ ਭਾਰਤ ਦੇ ਲੋਕਾਂ ਦੀ ਦੇਸ਼ਭਗਤੀ ਦੀ ਧੜਕਣ ਸਦਾ ਇੱਕ ਸਾਰ ਰਹੀ ਹੈ। ਮਹਾਭਾਰਤ ਦੇ ਵਕਤ ਇੱਕ ਪਾਸੇ ਸੌ ਕੌਰਵ ਤੇ ਦੂਸਰੇ ਪਾਸੇ ਪੰਜ ਪਾਂਡਵਾਂ ਦੇ ਦੋ ਧੜੇ ਆਪਸ ਵਿੱਚ ਲੜ ਰਹੇ ਸਨ। ਦੇਸ਼ ਵਿੱਚ ਖਾਨਾ-ਜੰਗੀ ਵੇਖ ਕੇ ਵਿਦੇਸ਼ੀ ਤਾਕਤ ਨੇ ਹਮਲਾ ਕਰਨ ਦੀ ਸਾਜ਼ਿਸ਼ ਘੜੀ ਤਾਂ ਪੰਜਾਂ ਪਾਂਡਵਾਂ ਨੇ ਕੌਰਵਾਂ ਨੂੰ ਚਿੱਠੀ ਭੇਜੀ ਸੀ ਕਿ ਆਪੋ ਵਿੱਚ ਲੜਨ ਲਈ ਤੁਸੀਂ ਸੌ ਤੇ ਅਸੀਂ ਪੰਜ ਹਾਂ, ਪਰ ਜਦੋਂ ਵਿਦੇਸ਼ੀ ਤਾਕਤ ਨਾਲ ਭੇੜ ਦਾ ਸਵਾਲ ਹੋਵੇ ਤਾਂ ਤੁਸੀਂ ਸੌ ਅਤੇ ਅਸੀਂ ਪੰਜ ਨਹੀਂ, ਸਾਰੇ ਮਿਲ ਕੇ ਇੱਕ ਸੌ ਪੰਜ ਬਣ ਕੇ ਮੈਦਾਨ ਵਿੱਚ ਡਟਾਂਗੇ। ਭਾਰਤ ਦੇ ਲੋਕ ਅੱਜ ਵੀ ਓਸੇ ਨੀਤੀ ਦੇ ਧਾਰਨੀ ਹਨ। ਆਪਸ ਵਿੱਚ ਰਾਜਨੀਤੀ ਵਾਲੇ ਮੱਤਭੇਦ ਹਜ਼ਾਰਾਂ ਹੋਣਗੇ ਅਤੇ ਹਮੇਸ਼ਾ ਰਹਿਣਗੇ, ਪਰ ਜਦੋਂ ਸਵਾਲ ਦੇਸ਼ ਦੀ ਰਾਖੀ ਦਾ ਹੋਵੇ, ਸਰਕਾਰ ਦੇ ਨਾਲ ਸਾਰੇ ਦੇਸ਼ ਦੇ ਲੋਕ ਖੜੇ ਦਿਖਾਈ ਦੇਣਗੇ। ਸਰਕਾਰ ਦੀ ਵਿਦੇਸ਼ ਨੀਤੀ ਵਿੱਚ ਉਲਝਣਾਂ ਦਾ ਸਵਾਲ ਫਿਰ ਵੀ ਖੜਾ ਰਹੇਗਾ।

# ਇੱਕ ਵਿਚਾਰ ਇਹ ਵੀ: ਚੀਨ ਦੀ ਦੁਖਦੀ ਰਗ ਦਬਾਉਣ ਦਾ ਸਮਾਂ

-ਵਿਜੇ ਕ੍ਰਾਂਤੀ-

ਲੱਦਾਖ ਦੇ ਗਲਵਾਨ ਵਾਦੀ ਇਲਾਕੇ ਵਿੱਚ ਜੋ ਕੁਝ ਵਾਪਰਿਆ, ਉਸ ਨੇ ਭਾਰਤ ਨੂੰ ਇੱਕ ਨਵਾਂ ਮੌਕਾ ਦਿੱਤਾ ਹੈ ਕਿ ਉਹ ਚੀਨ ਬਾਰੇ ਨਵੀਂ ਰਣਨੀਤੀ ਅਪਨਾਵੇ। ਬਦਕਿਸਮਤੀ ਨਾਲ ਭਾਰਤ ਦੇ ਨੀਤੀ ਘਾੜੇ ਚੀਨ ਦੀ ਫੌਜੀ ਅਤੇ ਆਰਥਿਕ ਤਾਕਤ ਤੋਂ ਇੰਝ ਘਬਰਾਏ ਰਹਿੰਦੇ ਹਨ ਕਿ ਉਹ ਗੈਰ ਫੌਜੀ ਮੋਰਚਿਆਂ 'ਤੇ ਉਸ ਨੂੰ ਚੁਣੌਤੀ ਦੇਣ ਦੀ ਗੱਲ ਸੋਚ ਵੀ ਨਹੀਂ ਸਕਦੇ। ਚੀਨ ਦੇ ਅੱਖੜ ਰਵੱਈਏ ਨੂੰ ਦੇਖਦੇ ਹੋਏ ਉਸ ਦੀਆਂ ਦੁਖਦੀਆਂ ਰਗਾਂ ਨੂੰ ਪਛਾਨਣ ਤੇ ਦਬਾਉਣ ਦੀ ਲੋੜ ਹੈ ਤਾਂ ਜੋ ਉਸ ਨੂੰ ਰੱਖਿਆਤਮਕ ਬਣਨ ਲਈ ਮਜਬੂਰ ਕੀਤਾ ਜਾ ਸਕੇ।

ਭਾਰਤ ਨੂੰ ਅੱਜ ਤੱਕ ਇਹ ਸਮਝ ਆ ਜਾਣਾ ਚਾਹੀਦਾ ਸੀ ਕਿ ਚੀਨ ਦੀ ਕਮਿਊਨਿਸਟ ਸਰਕਾਰ ਆਪਣੀ ਫੌਜੀ ਤੇ ਆਰਥਿਕ ਤਾਕਤ ਦੇ ਬਲਬੂਤੇ ਸਾਰੀ ਦੁਨੀਆ ਵਿੱਚ ਦਾਦਾਗਿਰੀ ਕਰਨ ਅਤੇ ਅਮਰੀਕਾ ਤੋਂ ਲੈ ਕੇ ਬਰੁਨੇਈ ਵਰਗੇ ਛੋਟੇ ਦੇਸ਼ਾਂ ਨੂੰ ਧਮਕਾਉਣ ਤੱਕ ਦੀ ਹਿਮਾਕਤ ਤਾਂ ਕਰਦੀ ਹੈ, ਪਰ ਤਿੱਬਤ, ਪੂਰਬੀ ਤੁਰਕਸਤਾਨ (ਚੀਨੀ ਨਾਂਅ ਸ਼ਿੰਜਿਆਂਗ), ਦੱਖਣੀ ਮੰਗੋਲੀਆ ਵਰਗੀਆਂ ਬਸਤੀਆਂ ਅਤੇ ਹਾਂਗਕਾਂਗ ਮਕਾਓ ਤੇ ਤਾਇਵਾਨ ਦੇ ਸਵਾਲਾਂ 'ਤੇ ਬੁਰੀ ਤਰ੍ਹਾਂ ਅਸੁਰੱਖਿਅਤ ਮਹਿਸੂਸ ਕਰਦੀ ਹੈ। ਇਨ੍ਹਾਂ ਬਾਰੇ ਕਿਸੇ ਵੀ ਬਾਹਰੀ ਟਿੱਪਣੀ 'ਤੇ ਚੀਨ ਸਰਕਾਰ ਲੋਹੀ-ਲਾਖੀ ਹੋ ਜਾਂਦੀ ਹੈ। ਬਦਕਿਸਮਤੀ ਨਾਲ ਚੀਨ ਵਿੱਚ 1949 ਵਿੱਚ ਕਮਿਊਨਿਸਟ ਸ਼ਾਸਨ ਦੀ ਸਥਾਪਨਾ ਪਿੱਛੋਂ ਇਨ੍ਹਾਂ ਸਾਰੇ ਵਿਸ਼ਿਆਂ 'ਤੇ ਸਾਡੀਆਂ ਸਰਕਾਰਾਂ ਦਾ ਵਤੀਰਾ ਚੀਨ ਦੀ ਹਾਂ ਵਿੱਚ ਹਾਂ ਮਿਲਾਉਣ ਅਤੇ 'ਵਨ ਚਾਈਨਾ ਪਾਲਿਸੀ' ਦੇ ਸਾਹਮਣੇ ਝੁਕ ਕੇ ਸਲਾਮ ਕਰਨ ਦਾ ਰਿਹਾ ਹੈ। ਚੀਨ ਦੇ ਨਵੇਂ ਹਮਲਾਵਰ ਤੇਵਰਾਂ ਨੂੰ ਦੇਖਦੇ ਹੋਏ ਇਹ ਜ਼ਰੂਰੀ ਹੋ ਗਿਆ ਹੈ ਕਿ ਭਾਰਤ ਆਪਣੀ ਨੀਤੀ 'ਤੇ ਨਵੇਂ ਸਿਰੇ ਤੋਂ ਵਿਚਾਰ ਕਰੇ, ਚੀਨ ਤੋਂ ਪ੍ਰੇਸ਼ਾਨ ਦੂਜੇ ਦੇਸ਼ਾਂ ਨਾਲ ਸਾਂਝੇ ਹਿੱਤਾਂ ਦੇ ਮਾਮਲੇ ਵਿੱਚ ਸਮੂਹਿਕ ਸ਼ਕਤੀ ਕੇਂਦਰ ਵਿਕ-ਸਿਤ ਕਰਨ ਦੀ ਪਹਿਲ ਕਰੇ ਅਤੇ ਏਸ਼ੀਆ ਵਿੱਚ ਆਪਣੀਆਂ ਨੈਤਿਕ ਜ਼ਿੰਮੇਵਾਰੀਆਂ ਨੂੰ ਸਮਝਦੇ ਹੋਏ ਤਿੱਬਤ, ਤੁਰਕਸਤਾਨ, ਦੱਖਣੀ ਮੰਗੋਲੀਆ, ਹਾਂਗਕਾਂਗ ਅਤੇ ਤਾਈਵਾਨ ਦੇ ਪੱਖ ਵਿੱਚ ਬੋਲਣ ਦੀ ਹਿੰਮਤ ਦਿਖਾਵੇ। ਚੀਨ ਦੀ ਸਭ ਤੋਂ ਵੱਧ ਦੁਖਣ ਵਾਲੀ ਰਗ ਤਿੱਬਤ ਹੈ। ਲੱਦਾਖ, ਸਿੱਕਮ ਅਤੇ ਅਰੁਣਾਚਲ ਵਿੱਚ ਚੀਨ ਸਿਰਫ ਇਸ ਕਾਰਨ ਤਣ ਕੇ ਖੜ੍ਹਾ ਹੈ ਕਿ 1951 ਵਿੱਚ ਉਹ ਤਿੱਬਤ 'ਤੇ ਨਾਜਾਇਜ਼ ਕਬਜ਼ਾ ਕਰ ਕੇ ਭਾਰਤ ਦੀ ਸਰਹੱਦ ਤੱਕ ਆ ਪੁੱਜਾ ਹੈ। ਚੀਨ ਦੀ ਗੁਸਤਾਖੀ ਉਦੋਂ ਤਰਕ ਸੰਗਤ ਤੇ ਤਰਕਹੀਣ ਗੱਲਾਂ ਦੀਆਂ ਸਾਰੀਆਂ ਹੱਦਾਂ ਪਾਰ ਕਰ ਜਾਂਦੀ ਹੈ, ਜਦ ਤਿੱਬਤ 'ਤੇ ਆਪਣੇ ਕਬਜ਼ੇ ਦਾ ਹਵਾਲਾ ਦੇ ਕੇ ਉਹ ਅਰੁਣਾਚਲ ਪ੍ਰਦੇਸ਼ ਨੂੰ ਦੱਖਣੀ ਤਿੱਬਤ ਦੱਸ ਕੇ ਦਾਅਵਾ ਪ੍ਰਗਟਾਉਣ ਲੱਗਦਾ ਹੈ।

ਅਜਿਹੇ ਵਿੱਚ ਇਹ ਜ਼ਰੂਰੀ ਹੈ ਕਿ ਚੀਨੀ ਨੇਤਾਵਾਂ ਨਾਲ ਡੋਕਲਾਮ, ਪੈਂਗੋਂਗ ਝੀਲ ਅਤੇ ਗਲਵਾਨ ਆਦਿ ਵਿੱਚ ਇੱਕ ਕਿਲੋਮੀਟਰ ਅਤੇ ਚਾਰ ਕਿਲੋਮੀਟਰ ਦੀ ਅਰਥਹੀਣ ਬਹਿਸ ਵਿੱਚ ਉਲਝਣ ਦੀ ਥਾਂ ਪੂਰੇ ਵਿਵਾਦ ਨੂੰ ਨਵਾਂ ਮੁਕਾਮ ਦਿੱਤਾ ਜਾਵੇ। ਭਾਰਤ ਨੂੰ ਚਾਹੀਦਾ ਹੈ ਕਿ ਤਿੱਬਤ ਵਿੱਚ ਚੀਨ ਦੀ ਨਾਜਾਇਜ਼ ਹੋਂਦ ਨੂੰ ਚੁਣੌਤੀ ਦਿੰਦੇ ਹੋਏ ਉਸ ਨੂੰ ਮੁਕਤ ਕਰਨ ਦੀ ਮੰਗ ਕਰੇ। ਤਿੱਬਤ ਦੀ ਜਲਾਵਤਨ ਸਰਕਾਰ ਨੂੰ ਮਾਨਤਾ ਦੇਣ ਦੇ ਬਦਲ ਨੂੰ ਅਗਲੇ ਕਦਮ ਵਜੋਂ ਪਿਰੋ ਕੇ ਰੱਖਿਆ ਜਾ ਸਕਦਾ ਹੈ। ਚੰਗੀ ਕਿਸਮਤ ਨਾਲ ਦੁਨੀਆ ਵਿੱਚ ਅਜਿਹੀਆਂ ਸਰਕਾਰਾਂ ਦੀ ਕਮੀ ਨਹੀਂ, ਜੋ ਤਿੱਬਤ ਦੇ ਸਵਾਲ 'ਤੇ ਭਾਰਤ ਦੀ ਪਹਿਲ ਦਾ ਇੰਤਜ਼ਾਰ ਕਰ ਰਹੀਆਂ ਹਨ। ਅਮਰੀਕੀ ਪਾਰਲੀਮੈਂਟ ਵਿੱਚ ਬੀਤੇ ਤਿੰਨ ਮਹੀਨਿਆਂ ਵਿੱਚ ਤਿੱਬਤ ਦੇ ਪੱਖ ਵਿੱਚ ਦੋ ਮਤਿਆਂ ਦਾ ਵੱਡੇ ਬਹੁਮਤ ਨਾਲ ਪਾਸ ਹੋਣਾ ਅਤੇ ਯੂਰਪ ਦੇ ਘੱਟੋ ਘੱਟ ਦੋ ਹਜ਼ਾਰ ਸ਼ਹਿਰਾਂ ਦੇ ਨਗਰ ਪਾਲਿਕਾ ਦਫਤਰਾਂ 'ਤੇ ਹਰ ਸਾਲ ਦਸ ਮਾਰਚ ਦੇ ਦਿਨ ਤਿੱਬਤ ਦੇ ਝੰਡੇ ਨੂੰ ਅਧਿਕਾਰਤ ਤੌਰ 'ਤੇ ਲਹਿਰਾਇਆ ਜਾਣਾ ਕੌਮਾਂਤਰੀ ਉਤਸੁਕਤਾ ਦੀਆਂ ਮਿਸਾਲਾਂ ਹਨ। ਦਲਾਈ ਲਾਮਾ ਵੀ ਚੀਨ ਦੀ ਦੁਖਦੀ ਰਗ ਹਨ। ਤਿੱਬਤ ਦੇ ਸਵਾਲ 'ਤੇ ਚੀਨ ਦੀ ਜੀ-ਹਜ਼ੂਰੀ ਕਰਦੇ ਕਰਦੇ ਦਿੱਲੀ ਦੀਆਂ ਸਰਕਾਰਾਂ ਆਪਣੇ ਸਨਮਾਨਿਤ ਮਹਿਮਾਨ ਦਲਾਈ ਲਾਮਾ ਦਾ ਮਹੱਤਵ ਭੁੱਲ ਚੁੱਕੀਆਂ ਹਨ। ਜੋ ਚੀਨੀ ਸਰਕਾਰ ਦੁਨੀਆ ਵਿੱਚ ਦਾਦਾਗਿਰੀ ਦਿਖਾਉਂਦੀ ਹੈ, ਉਹ ਦਲਾਈ ਲਾਮਾ ਨੂੰ ਵੀਜ਼ਾ ਦਿੱਤੇ ਜਾਣ ਅਤੇ ਕਿਸੇ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਨਾਲ ਗੈਰ ਰਸਮੀ ਮੁਲਾਕਾਤ 'ਤੇ ਵੀ ਭੜਕ ਜਾਂਦੀ ਹੈ। ਜਿਸ ਦਲਾਈ ਲਾਮਾ ਨੂੰ ਨੋਬਲ, ਟੈਂਪਲਟਨ ਅਤੇ ਮੈਗਸੈਸੇ ਐਵਾਰਡ ਵਰਗੇ ਦੁਨੀਆ ਦੇ ਕਈ ਵੱਡੇ ਇਨਾਮਾਂ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ, ਉਸ ਨੂੰ ਭਾਰਤ ਰਤਨ ਨਾਲ ਸਨਮਾਨਿਤ ਕਰ ਕੇ ਨਾ ਸਿਰਫ ਭਾਰਤ ਇੱਕ ਵੱਡੀ ਗਲਤੀ ਨੂੰ ਠੀਕ ਕਰੇਗਾ, ਸਗੋਂ ਇਹ ਅਜਿਹਾ ਅਹਿੰਸਕ ਅਤੇ ਆਦਰਸ਼ ਬ੍ਰਹਮ ਅਸਤਰ ਸਿੱਧ ਹੋਵੇਗਾ, ਜੋ ਪੂਰੀ ਚੀਨੀ ਸੱਤਾ ਨੂੰ ਝਟਕਾ ਦੇਣ ਲਈ ਕਾਫੀ ਹੋਵੇਗਾ।

ਭਾਰਤ ਨੂੰ ਇਹ ਸਪੱਸ਼ਟ ਕਰ ਦੇਣਾ ਚਾਹੀਦਾ ਹੈ ਕਿ ਉਹ ਉਸ ਦੀ ਉਸ ਮੁ-ਹਿੰਮ ਦਾ ਵਿਰੋਧ ਕਰਦਾ ਹੈ, ਜਿਸ ਦਾ ਟੀਚਾ ਦਲਾਈ ਲਾਮਾ ਦੇ ਅਗਲੇ ਅਵਤਾਰ ਨੂੰ ਚੀਨ ਦੀ ਕਮਿਊਨਿਸਟ ਪਾਰਟੀ ਦਾ ਅੰਦਰੂਨੀ ਮੁੱਦਾ ਬਣਾਉਣਾ ਹੈ। ਵੁਹਾਨ ਤੋਂ ਨਿਕਲਿਆ ਕੋਰੋਨਾ ਵਾਇਰਸ ਭਾਵੇਂ ਜਾਣਬੁੱਝ ਕੇ ਛੱਡਿਆ ਗਿਆ ਹੋਵੇ ਜਾਂ ਗਲਤੀ ਨਾਲ, ਚੀਨ ਨੂੰ ਜਵਾਬ ਤਾਂ ਦੇਣਾ ਹੀ ਹੋਵੇਗਾ। ਅੱਜ ਤੱਕ ਅਮਰੀਕਾ, ਜਰਮਨੀ, ਜਾਪਾਨ ਤੇ ਆਸਟਰੇਲੀਆ ਸਮੇਤ ਕਈ ਦੇਸ਼ ਚੀਨ ਦੇ ਵਿਰੁੱਧ ਕਾਰਵਾਈ ਕਰਨ ਦਾ ਇਰਾਦਾ ਜ਼ਾਹਰ ਕਰ ਚੁੱਕੇ ਹਨ। ਇਸ ਵਾਇਰਸ ਦਾ ਸ਼ਿਕਾਰ ਹੋ ਚੁੱਕੇ ਭਾਰਤ ਨੂੰ ਵੀ ਚੀਨ ਵਿਰੁੱਧ ਇਸ ਕੌਮਾਂਤਰੀ ਮੁਹਿੰਮ ਵਿੱਚ ਮਹੱਤਵ ਪੂਰਨ ਭੂਮਿਕਾ ਅਦਾ ਕਰਨੀ ਚਾਹੀਦੀ ਹੈ। ਸੰਨ 1951 ਵਿੱਚ ਚੀਨ ਨੂੰ ਤਿੱਬਤ 'ਤੇ ਕਬਜ਼ਾ ਕਰਨ ਦੇਣ ਤੋਂ ਬਾਅਦ ਭਾਰਤ ਨੇ 1954 ਵਿੱਚ ਪੰਚਸ਼ੀਲ ਸਮਝੌਤਾ ਕਰ ਕੇ ਆਪਣੇ ਹਿੱਤਾਂ ਨੂੰ ਗੰਭੀਰ ਨੁਕਸਾਨ ਪਹੁੰਚਾਉਣ ਦੀ ਜੋ ਗਲਤੀ ਕੀਤੀ, ਉਸ ਨੂੰ ਠੀਕ ਕਰਨ ਦਾ ਢੁੱਕਵਾਂ ਸਮਾਂ ਆ ਗਿਆ ਹੈ।

ਇਸ ਸਮਝੌਤੇ ਵਿੱਚ ਭਾਰਤ ਨੇ ਨਾ ਸਿਰਫ ਤਿੱਬਤ ਨੂੰ ਚੀਨ ਦੇ ਖੁਦਮੁਖਤਾਰ ਸੂਬੇ ਦੇ ਤੌਰ 'ਤੇ ਮਾਨਤਾ ਦਿੱਤੀ ਸੀ, ਸਗੋਂ ਤਿੱਬਤ ਵਿੱਚ ਆਪਣੇ ਦੋ ਵਪਾਰਕ ਦੂਤਘਰ ਚਲਾਉਣ, ਫੌਜ ਦੀਆਂ ਟੁਕੜੀਆਂ ਰੱਖਣ, ਵਪਾਰ ਮੰਡੀਆਂ ਚਲਾਉਣ ਤੇ ਟੈਲੀਗ੍ਰਾਫ ਤੰਤਰ ਬਣਾਈ ਰੱਖਣ ਦੀਆਂ ਜੋ ਸਹੂਲਤਾਂ ਮਿਲੀਆਂ ਹੋਈਆਂ ਸਨ, ਉਨ੍ਹਾਂ ਨੂੰ ਵੀ ਛੱਡ ਦਿੱਤਾ ਸੀ। ਬੀਤੇ ਕਈ ਸਾਲਾਂ ਤੋਂ ਚੀਨ ਸਰਕਾਰ ਤਿੱਬਤ ਦੇ ਲਹਾਸਾ ਵਿੱਚ ਵਪਾਰਕ ਦੂਤਘਰ ਖੋਲ੍ਹਣ ਦੀ ਮੰਗ ਠੁਕਰਾਉਂਦੀ ਰਹੀ ਹੈ। ਇਸ ਮੰਗ 'ਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ। ਚੀਨ ਨੇ ਆਪਣੇ ਸਰਕਾਰੀ ਕੰਟਰੋਲ ਵਾਲੀਆਂ ਅਖਬਾਰਾਂ, ਟੀ ਵੀ ਚੈਨਲਾਂ ਅਤੇ ਨਿਊਜ਼ ਏਜੰਸੀਆਂ ਦੇ ਪੱਤਰਕਾਰਾਂ ਨੂੰ ਭਾਰਤ ਵਿੱਚ ਤੈਨਾਤ ਕੀਤਾ ਹੋਇਆ ਹੈ ਜਿਨ੍ਹਾਂ 'ਚੋਂ ਕਈ ਇਥੇ ਮਿਲਣ ਵਾਲੀ ਆਜ਼ਾਦੀ ਦੀ ਦੁਰਵਰਤੋਂ ਕਰਦੇ ਹਨ, ਪਰ ਚੀਨ ਵਿੱਚ ਭਾਰਤੀ ਪੱਤਰਕਾਰਾਂ ਦੀ ਗਿਣਤੀ ਨਾਮਾਤਰ ਹੈ ਅਤੇ ਉਨ੍ਹਾਂ 'ਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਹਨ। ਭਾਰਤ ਨੂੰ ਆਪਣੇ ਹਿੱਤਾਂ ਦੀ ਰੱਖਿਆ ਲਈ ਇਸ ਬਾਰੇ ਵੀ ਮਜ਼ਬੂਤ ਕਦਮ ਚੁੱਕਣੇ ਹੋਣਗੇ। ਕੋਰੋਨਾ ਵਾਇਰਸ ਕਾਰਨ ਦੁਨੀਆ ਭਰ ਵਿੱਚ ਚੀਨੀ ਉਤਪਾਦਾਂ ਅਤੇ ਚੀਨੀ ਕੰਪਨੀਆਂ ਵਿਰੁੱਧ ਗੰਭੀਰ ਤੇ ਅਸੀਮ ਜੰਗ ਸ਼ੁਰੂ ਹੋਣ ਦੀ ਆਸ ਹੈ। ਸ਼ੀ ਜਿਨਪਿੰਗ ਵੱਲੋਂ ਖੁਦ ਨੂੰ ਜ਼ਿੰਦਗੀ ਭਰ ਲਈ ਤਾਨਾਸ਼ਾਹ ਐਲਾਨਣ ਦੇ ਫੈਸਲੇ ਨਾਲ ਚੀਨੀ ਕਮਿਊਨਿਸਟ ਪਾਰਟੀ ਵਿੱਚ ਪਹਿਲਾਂ ਤੋਂ ਹੀ ਬਗਾਵਤ ਦੇ ਸੰਕੇਤ ਹਨ। ਇਹ ਤੈਅ ਹੈ ਕਿ ਚੀਨੀ ਬਰਾਮਦਾਂ ਨਾਲ ਜੁੜੇ ਉਦਯੋਗਾਂ ਦੇ ਬੰਦ ਹੋਣ 'ਤੇ ਕਰੋੜਾਂ ਚੀਨੀ ਨਾਗਰਿਕ ਆਪਣੇ ਰੁਜ਼ਗਾਰ ਗੁਆ ਬੈਠਣਗੇ। ਉਸ ਹਾਲਤ ਵਿੱਚ ਚੀਨ ਵਿੱਚ ਤਿਆਨਮਿਨ ਚੌਕ ਤੋਂ ਕਈ ਗੁਣਾ ਵੱਡੀ ਉਥਲ ਪੁਥਲ ਹੋ ਸਕਦੀ ਹੈ। ਇਸ ਲਈ ਭਾਰਤ ਨੂੰ ਆਪਣੇ ਆਤਮਘਾਤੀ ਆਦਰਸ਼ਵਾਦ ਨੂੰ ਛੱਡਣਾ ਅਤੇ ਚੀਨ ਦੇ ਮੁਕਾਬਲੇ ਲਈ ਸਿਰਫ ਫੌਜੀ ਤਿਆਰੀ ਦੀ ਥਾਂ ਕੂਟਨੀਤਕ ਤੌਰ 'ਤੇ ਹਮਲਾਵਰ ਰੁਖ਼ ਅਪਣਾਉਣਾ ਹੋਵੇਗਾ।

ਭਾਰਤ ਨੂੰ ਪਤਾ ਹੈ ਕਿ ਚੀਨ ਉਸ ਦੀ ਘੇਰਾਬੰਦੀ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਉਸ ਨੇ ਪਾਕਿਸਤਾਨ, ਨੇਪਾਲ ਅਤੇ ਸ੍ਰੀਲੰਕਾ ਨੂੰ ਆਪਣੇ ਨਾਲ ਰਲਾ ਲਿਆ ਹੈ। ਉਹ ਇਨ੍ਹਾਂ ਦੇਸ਼ਾਂ ਵਿੱਚ ਭਾਰੀ ਨਿਵੇਸ਼ ਕਰ ਕੇ ਇੱਕ ਤਰ੍ਹਾਂ ਨਾਲ ਉਥੇ ਆਪਣਾ ਦਬਦਬਾ ਬਣਾ ਚੁੱਕਾ ਹੈ। ਅੱਜ ਜਦੋਂ ਕੋਰੋਨਾ ਦੇ ਮੁੱਦੇ 'ਤੇ ਅਮਰੀਕਾ ਨੇ ਚੀਨ ਵਿਰੁੱਧ ਹਰ ਮੁਹਾਜ਼ ਖੋਲ੍ਹ ਦਿੱਤਾ ਹੈ, ਅਜਿਹੇ ਵਿੱਚ ਉਸ ਨੂੰ ਭਾਰਤ ਅਮਰੀਕਾ ਨਾਲ ਨੇੜਤਾ ਬਿਲਕੁਲ ਚੰਗੀ ਨਹੀਂ ਲੱਗਦੀ। ਕੋਰੋਨਾ ਦੇ ਮਾਮਲੇ 'ਤੇ ਉਹ ਦੁਨੀਆ ਵਿੱਚ ਚੁਫੇਰਿਓਂ ਘਿਰ ਚੁੱਕਾ ਹੈ। ਉਸ ਨੂੰ ਸਮਝ ਨਹੀਂ ਆ ਰਹੀ ਕਿ ਕੀ ਕਰੇ। ਇਸੇ ਲਈ ਉਹ ਊਲ ਜਲੂਲ ਹਰਕਤਾਂ 'ਤੇ ਉਤਾਰੂ ਹੈ। ਪਹਿਲਾਂ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਆਪਣੀ ਫੌਜ ਨੂੰ ਹਰ ਹਾਲਾਤ ਦੇ ਟਾਕਰੇ ਲਈ ਤਿਆਰ ਰਹਿਣ ਲਈ ਕਿਹਾ ਅਤੇ ਫਿਰ ਗਲਵਾਨ ਘਾਟੀ ਵਿੱਚ ਭਾਰਤੀ ਜਵਾਨਾਂ 'ਤੇ ਜਾਨਲੇਵਾ ਹਮਲਾ ਕਰਨਾ ਚੀਨ ਦੀ ਬੌਖਲਾਹਟ ਦਾ ਹੀ ਨਤੀਜਾ ਹੈ। ਕੁਝ ਵੀ ਹੋਵੇ, ਭਾਰਤ ਨੂੰ ਉਸ ਦੀਆਂ ਚਾਲਾਂ ਤੋਂ ਬਚਣ ਦੀ ਲੋੜ ਹੈ।

# ਤਣਾਅ ਵਿੱਚ ਸਰੀਰ ਦੀ ਨਹੀਂ, ਉਲਝਣਾਂ ਦੀ ਹੱਤਿਆ ਕਰੋ

-ਪੂਰਨ ਚੰਦ ਸਰੀਨ-

ਸਾਡੇ ਦੇਸ਼ 'ਚ ਹੀ ਕਿਉਂ, ਦੁਨੀਆ ਭਰ 'ਚ ਅਜਿਹਾ ਵਿਅਕਤੀ ਸ਼ਾਇਦ ਹੀ ਮਿਲੇ ਜਿਸ ਨੇ ਜ਼ਿੰਦਗੀ ਦੇ ਕਿਸੇ ਮੋੜ 'ਤੇ ਤਣਾਅ, ਉਪਰਾਮਤਾ, ਨਿਰਾਸ਼ਾ ਦੀ ਅਵਿਵਸਥਾ 'ਚ ਖ਼ੁਦਕੁਸ਼ੀ ਭਾਵ ਆਪਣੀ ਹੱਤਿਆ ਕਰਨ ਬਾਰੇ ਕਦੀ ਨਾ ਸੋਚਿਆ ਹੋਵੇ। ਹੋ ਸਕਦਾ ਹੈ ਕਿ ਕਿਸੇ ਦੀ ਕਹਾਣੀ ਜਾਂ ਉਸ ਦੀ ਪਰੇਸ਼ਾਨੀ ਸਾਹਮਣੇ ਨਾ ਆਈ ਹੋਵੇ ਪਰ ਇਹ ਸੱਚ ਹੈ ਕੀ ਜੇਕਰ ਜ਼ਿੰਦਗੀ ਹੈ ਤਾਂ ਉਸ 'ਚ ਉਤਾਰ-ਚੜ੍ਹਾਅ ਵੀ ਆਉਣਗੇ, ਹਲਕੇ, ਮੰਦੇ ਅਤੇ ਚੰਗੇ ਦਿਨ ਦੇਖਣ ਨੂੰ ਮਿਲਣਗੇ, ਆਪਣੇ ਮਨ ਦੀ ਨਾਂ ਹੋਣ ਦੀ ਘਟਨਾਵਾਂ ਵੀ ਹੋਣਗੀਆਂ ਤੇ ਕਦੀ ਕੋਈ ਅਜਿਹੀ ਗੱਲ ਵੀ ਹੋਵੇਗੀ ਕਿ ਜਾਪੇ ਕੀ ਹੋਰ ਨਹੀਂ ਜਿਉਣਾ।

ਹਿਟਲਰ ਤੋਂ ਹਾਰ ਸਹਿ ਨਾ ਹੋਈ ਤਾਂ ਉਸ ਨੇ ਆਪਣੇ ਆਪ ਨੂੰ ਗੋਲੀ ਮਾਰ ਲਈ। ਚਰਚਿਲ, ਲਿੰਕਨ, ਮਾਰਟਿਨ ਲੂਥਰ ਕਿੰਗ ਤੋਂ ਲੈ ਕੇ ਹੋਰ ਵੀ ਪਤਾ ਨਹੀਂ ਵਿਸ਼ਵ ਦੀ ਕਿੰਨੀਆਂ ਹਸਤੀਆਂ ਖ਼ੁਦਕੁਸ਼ੀ ਦੇ ਦਰਵਾਜ਼ੇ ਤੱਕ ਜਾ ਕੇ ਪਰਤ ਆਈਆਂ ਹੋਣਗੀਆਂ ਅਤੇ ਉਨ੍ਹਾਂ ਨੇ ਖੁਦ ਨੂੰ ਮਾਰਨ ਦੇ ਬਜਾਏ ਆਪਣੀ ਉਲਝਣ ਨੂੰ ਖਤਮ ਕਰਨ ਜਾਂ ਕਹੀਏ ਕਿ ਆਪਣੇ ਅਤੀਤ ਦੀ ਹੱਤਿਆ ਕਰਨ ਨੂੰ ਬਿਹਤਰ ਸਮਝਿਆ ਹੋਵੇਗਾ।

ਸ਼ਾਇਦ ਇਸੇ ਲਈ ਅਦਾਲਤਾਂ ਵੀ ਜੀਣ ਦੇ ਅਧਿਕਾਰ ਵਾਂਗ ਮਰਨ ਦੀ ਰੀਝ ਨੂੰ ਅਧਿਕਾਰ ਨੂੰ ਮੰਨਣ ਲੱਗੀਆਂ ਹਨ। ਜੇ ਕੋਈ ਜਿਉਣਾ ਨਹੀਂ ਚਾਹੁੰਦਾ ਤਾਂ ਉਸ ਨੂੰ ਮਰਨ ਦੇਣ 'ਚ ਕੀ ਹਰਜ਼ ਹੈ? ਇਹ ਸੱਚ ਹੈ ਮਰਨਾ ਹੈ ਜਾਂ ਜਿਉਣਾ, ਦੋਵਾਂ 'ਚੋਂ ਇੱਕ ਵੀ ਸੌਖੀ ਗੱਲ ਨਹੀਂ। ਜਿੱਥੇ ਜਿਉਣ ਲਈ ਹਿੰਮਤ ਅਤੇ ਸਾਧਨ ਚਾਹੀਦੇ ਹੈ, ਉਥੇ ਮਰਨ ਲਈ ਵੀ ਇਹੀ ਦੋਨੋਂ ਚੀਜ਼ਾਂ ਚਾਹੀਦੀਆਂ ਹਨ, ਹੋਰ ਕੁਝ ਨਹੀਂ। ਜ਼ਿੰਦਗੀ ਦੀ ਦੌੜ 'ਚ ਨਾ ਚਾਹੁੰਦੇ ਹੋਏ ਵੀ ਅਜਿਹੀ ਹਾਲਤਾਂ ਆਉਂਦੀਆਂ ਹਨ, ਜਿਨ੍ਹਾਂ 'ਚ ਜਾਂ ਇਹ ਚੁਣਨਾ ਹੁੰਦਾ ਹੈ ਕਿ ਜੋ ਵੀ ਅਸੀਂ ਕੰਮ ਕਰਦੇ ਹਾਂ, ਚਾਹੇ ਉਹ ਨੌਕਰੀ ਹੈ ਜਾਂ ਆਪਣਾ ਕਾਰੋਬਾਰ, ਉਸ 'ਚ ਕਿਸੇ ਤਰ੍ਹਾਂ ਦਾ ਦਬਾਅ, ਧਮਕੀ ਜਾਂ ਨੁਕਸਾਨ ਹੁੰਦਾ ਦਿਸ ਰਿਹਾ ਹੋਵੇ ਤਾਂ ਆਪਣੇ ਸਾਹਮਣੇ ਸਿਰਫ ਦੋ ਬਦਲ ਹੋਣ 'ਤੇ ਕਿਸੇ ਨੂੰ ਚੁਣੋ ਇੱਕ ਜਾਂ ਹਾਲਾਤ ਨਾਲ ਜਾਂ ਉਨ੍ਹਾਂ ਦੇ ਲਈ ਜ਼ਿੰਮੇਦਾਰ ਵਿਅਕਤੀ ਨਾਲ ਸਮਝੌਤਾ ਕਰ ਲਿਆ ਜਾਵੇ ਜਾਂ ਦੂਸਰਾ ਇਹ ਕੀ ਹਿੱਕ ਠੋਕ ਕੇ ਸਾਹਮਣਾ ਕਰਨ ਲਈ ਤਿਆਰ ਹੋਇਆ ਜਾਵੇ।

ਇਸ ਨੂੰ ਇੱਕ ਕਹਾਣੀ ਦੇ ਰਾਹੀਂ ਸਮਝਦੇ ਹਾਂ। ਇੱਕ ਵਿਅਕਤੀ ਹੈ, ਜਿਸ ਦਾ ਨਾਮ ਮੰਨ ਲਓ ਕਿ ਸ਼ਾਮ ਲਾਲ ਹੈ ਉਹ ਇੱਕ ਸਰਕਾਰੀ ਅਤੇ ਪ੍ਰਾਈਵੇਟ, ਇੱਕ ਅਜਿਹੇ ਦਫ਼ਤਰ 'ਚ ਕੰਮ ਕਰਦਾ ਹੈ ਜਿਸ 'ਚ ਬਾਹਰੀ ਲੋਕਾਂ ਭਾਵ ਪਬਲਿਕ ਨਾਲ ਸੰਪਰਕ ਕਰਨਾ ਪੈਂਦਾ ਹੈ, ਭਾਵ ਅਧਿਕਾਰੀ ਅਤੇ ਜਨਤਾ ਦਾ ਰਿਸ਼ਤਾ ਹੈ। ਸ਼ਾਮ ਲਾਲ ਆਪਣੇ ਕੰਮ 'ਚ ਮਾਹਿਰ ਹੈ, ਉਹ ਨਿਯਮ ਅਨੁਸਾਰ ਕੰਮ ਕਰਦਾ ਅਤੇ ਫੈਸਲਾ ਲੈਂਦਾ ਹੈ ਤਾਂ ਕੀ ਉਸ ਦੇ ਵੱਲੋਂ ਨਾ ਕੇ ਕਿਸੇ ਨੂੰ ਪਰੇਸ਼ਾਨੀ ਹੋਵੇ ਅਤੇ ਨਾ ਹੀ ਕਿਸੇ ਦੇ ਨਾਲ ਢਿੱਲ ਜਾਂ ਨਰਮੀ ਵਰਤਣ ਦਾ ਦੋਸ਼ ਉਸ 'ਤੇ ਲਾਇਆ ਜਾ ਸਕੇ। ਸ਼ਾਮ ਲਾਲ ਦਾ ਬੌਸ ਰਾਮ ਸਿੰਘ ਹੈ ਜੋ ਇੱਕ ਪਾਸਿਓਂ ਆਪਣੀ ਸਖ਼ਤ ਮਿਜਾਜ਼ੀ ਲਈ ਜਾਣਿ-ਆ ਜਾਂਦਾ ਹੈ ਤਾਂ ਦੂਜੇ ਪਾਸੇ ਆਪਣੇ ਤੋਂ ਉਤਲੇ ਅਧਿਕਾਰੀਆਂ ਨੂੰ ਖ਼ੁਸ਼ ਕਰਨ ਜਾਂ ਕੁਝ ਵਾਧੂ ਕਮਾਈ ਲਈ ਮੌਕੇ ਦੀ ਭਾਲ 'ਚ ਰਹਿੰਦਾ ਹੈ। ਉਹ ਸ਼ੈਤਾਨ ਦਿਮਾਗ ਹੈ ਅਤੇ ਇਸ ਜੁਗਤ 'ਚ ਰਹਿੰਦਾ ਹੈ ਕਿ ਉਹ ਜੇ ਕੁਝ ਗੜਬੜੀ ਵੀ ਕਰੇ ਤਾਂ ਉਸ 'ਤੇ ਦੋਸ਼ ਨਾ ਆਏ ਅਤੇ ਲੋੜ ਪੈਣ 'ਤੇ ਆਪਣੇ ਕਿਸੇ ਅਧੀਨ ਕੰਮ ਕਰਨ ਵਾਲੇ 'ਤੇ ਇਸ ਸਭ ਦਾ ਭਾਂਡਾ ਭੰਨ ਸਕੇ, ਭਾਵ ਕਿ ਉਸ 'ਚੋਂ ਸਾਫ ਬੱਚ ਜਾਵੇ ਅਤੇ ਕੋਈ ਦੂਸਰਾ ਫਸ ਜਾਵੇ।

ਰਾਮ ਸਿੰਘ ਆਪਣੇ ਫਾਇਦੇ ਲਈ ਸ਼ਾਮ ਲਾਲ 'ਤੇ ਦਬਾਅ ਪਾਉਂਦਾ ਹੈ ਕਿ ਉਹ ਉਸ ਦੇ ਕਹੇ ਅਨੁਸਾਰ ਕੰਮ ਕਰੇ ਅਤੇ ਨਿਯਮਾਂ ਦੀ ਪਰਵਾਹ ਨਾ ਕਰਦੇ ਹੋਏ ਉਸ ਦੇ ਮੂੰਹ ਜ਼ੁਬਾਨੀ ਹੁਕਮਾਂ ਦਾ ਪਾਲਣ ਕਰੇ। ਸ਼ਾਮ ਲਾਲ ਦੇ ਕੋਲ ਦੋ ਰਸਤੇ ਹਨ, ਇੱਕ ਕਿ ਇਹ ਆਪਣੇ ਦਿਲ ਅਤੇ ਦਿਮਾਗ ਨੂੰ ਗਲਤ ਕੰਮ ਲਈ ਮਨਾ ਕੇ ਆਪਣੇ ਬੌਸ ਦੇ ਕਹੇ ਅਨੁਸਾਰ ਕਾਰਵਾਈ ਕਰੇ ਅਤੇ ਦੂਸਰਾ ਇਹ ਕਿ ਬੌਸ ਦਾ ਖਾਜਾ ਬਣੇ। ਉਹ ਇਹ ਦੇਖਦਾ ਹੈ ਕਿ ਉਸ ਦੇ ਨਾਲ ਕੰਮ ਕਰਨ ਵਾਲੇ ਵੀ ਬੌਸ ਦੀ ਸਖ਼ਤੀ ਅਤੇ ਦਬਦਬੇ ਕਾਰਨ ਉਸਦੀ ਗੱਲ ਮੰਨਣ 'ਚ ਭਲਾਈ ਸਮਝਦੇ ਹਨ। ਉਸਦੀ ਸੱਪ ਦੇ ਮੂੰਹ ਕੋਹੜਕਿਰਲੀ ਵਰਗੀ ਹਾਲਤ ਹੋ ਜਾਂਦੀ ਹੈ ਕਿ ਖਾਵੇ ਤਾਂ ਕੋਹੜੀ, ਛੱਡੇ ਤਾਂ ਕਲੰਕੀ। ਉਹ ਘਰ ਆ ਕੇ ਆਪਣੀ ਮਜ਼ਬੂਰੀ 'ਤੇ ਚੀਕ-ਚੀਕ ਕੇ ਰੋਂਦਾ ਹੈ, ਨਿਰਾਸ਼ਾ ਤੇ ਤਨਾਅ ਇੰਨਾ ਹੈ ਕਿ ਜ਼ਿੰਦਗੀ ਬੋਝ ਲੱਗਣ ਲੱਗਦੀ ਹੈ। ਉਹ ਪਰਵਾਰ ਵਾਲਾ ਹੈ, ਜ਼ਿੰਮੇਦਾਰੀਆਂ ਨੂੰ ਵੀ ਸਮਝਦਾ ਹੈ ਪਰ ਗਲਤ ਕੰਮ ਕਰਕੇ ਪੂਰੀ ਜ਼ਿੰਦਗੀ ਭਰ ਡਰ ਕੇ ਜੀਉਣਾ ਨਹੀਂ ਚਾਹੁੰਦਾ ਹੈ। ਖਿੱਚੋਤਾਣ ਇੰਨੀ ਹੈ ਕਿ ਮਨ 'ਚ ਉਲਝਣ ਦਾ ਕੋਈ ਤੋੜ ਨਹੀਂ ਮਿਲਦਾ। ਉਸ ਦੀ ਹਾਲਤ ਸਰੀਰ ਅਤੇ ਦਿਮਾਗ ਦੋਵੇਂ ਪਾਸਿਓਂ ਤੋਂ ਟੁੱਟਣ ਵਾਲੀ ਹੈ।

ਉਹ ਪਾਰਕ 'ਚ ਬੈਠਦਾ ਹੈ, ਬਾਜ਼ਾਰ 'ਚ ਬੇਮਤਲਬ ਘੁੰਮਦਾ ਹੈ ਅਤੇ ਬਿਨਾ ਕੁਝ ਸੋਚੇ ਨਦੀ ਵਾਲੇ ਪਾਸੇ ਤੁਰ ਪੈਂਦਾ ਹੈ। ਨਦੀ ਨੂੰ ਵੱਗਦੇ ਦੇਖਦਾ ਹੈ ਤੇ ਸੋਚਦਾ ਹੈ ਕਿ ਇਸ ਦੇ ਨਾਲ ਹੀ ਉਹ ਰੁੜ੍ਹ ਜਾਵੇ ਪਰ ਉਦੋਂ ਹੀ ਉਸ ਦੀ ਉਲਝਣ ਦੇ ਸੁਲਝਣ ਵਰਗਾ ਇੱਕ ਝਟਕਾ ਉਸ ਨੂੰ ਲੱਗਦਾ ਹੈ। ਉਹ ਸੋਚਦਾ ਹੈ ਕਿ ਇਸ ਤਰ੍ਹਾਂ ਰਾਮ ਸਿੰਘ ਜਿੱਤ ਜਾਵੇਗਾ ਅਤੇ ਉਹ ਹਾਰ ਜਾਵੇਗਾ। ਉਹ ਫੈਸਲਾ ਕਰਦਾ ਹੈ ਕਿ ਹਾਰੇਗਾ ਨਹੀਂ, ਸਗੋਂ ਰਾਮ ਸਿੰਘ ਦਾ ਸਾਹਮਣਾ ਕਰੇਗਾ।

ਅਗਲੇ ਦਿਨ ਸ਼ਾਮ ਲਾਲ ਆਪਣੇ ਬੌਸ ਰਾਮ ਸਿੰਘ ਦਾ ਸਾਹ-ਮਣਾ ਕਰਦੇ ਹੋਏ ਉਸ ਦੇ ਕਹੇ ਮੁਤ-ਾਬਿਕ ਤੇ ਨਿਯਮਾਂ ਦੇ ਵਿਰੁੱਧ ਕੁਝ ਵੀ ਕਰਨ ਤੋਂ ਇਨਕਾਰ ਕਰ ਦਿੰਦਾ ਹੈ। ਨਤੀਜਾ ਉਸਦੀ ਖੁਫੀਆ ਰਿਪੋਰਟ ਦੇ ਖਰਾਬ ਕਰ ਦਿੱਤੇ ਜਾਣ, ਪਬਲਿਕ ਤੋਂ ਰਿਸ਼ਵਤ ਲੈਣ, ਆਪਣੇ ਅਹੁਦੇ ਦਾ ਦੁਰਵਰਤੋਂ ਕਰਨ ਅਤੇ ਅੱਗੇ ਵਧਣ ਦੇ ਸਾਰੇ ਰਸਤੇ ਬੰਦ ਹੋ ਜਾਣ ਦੇ ਰੂਪ 'ਚ ਨਿਕਲਦਾ ਹੈ। ਰਾਮ ਸਿੰਘ ਇਥੇ ਨਹੀਂ ਰੁਕਿਆ, ਉਹ ਉਸ ਨੂੰ ਸਭ ਦੇ ਸਾਮਹਣੇ ਜਲੀਲ ਕਰਨ ਤੋਂ ਨਹੀਂ ਖੁੰਝਦਾ ਅਤੇ ਉਸ ਦਾ ਮਾਨਸਿਕ ਸੰਤਲਨ ਵਿਗਾੜਨ ਦਾ ਕੋਈ ਮੌਕਾ ਨਹੀਂ ਜਾਣ ਦਿੰਦਾ। ਅਜਿਹੀ ਇੱਕ ਵਿਵਸਥਾ 'ਚ ਸ਼ਾਮ ਲਾਲ ਸਭ ਕੁਝ ਭੁਲ ਕੇ ਰਾਮ ਸਿੰਘ ਦਾ ਗਲਾ ਫੜ ਕੇ ਅਜਿਹਾ ਦਾਅ ਲਾਉਂਦਾ ਹੈ ਕਿ ਉਹ ਜ਼ਮੀਨ 'ਚ ਡਿੱਗ ਜਾਂਦਾ ਹੈ। ਇਸ ਦੇ ਬਾਅਦ ਸ਼ਾਮ ਲਾਲ ਆਪਣੇ ਵਿਭਾਗ ਮੁਖੀ ਦੇ ਕੋਲ ਜਾ ਕੇ ਰਾਮ ਸਿੰਘ ਨੂੰ ਸੁੱਟਣ ਦੀ ਗੱਲ ਕਰਦਾ ਅਤੇ ਉਸ ਦਾ ਕਾਰਨ ਵੀ ਦੱਸ ਕੇ ਉਥੋਂ ਵਾਪਸ ਆ ਰਿਹਾ ਹੁੰਦਾ ਤਾਂ ਉਸ ਨੂੰ ਰਾਮ ਸਿੰਘ ਆਪਣੇ ਅੰਦਰ ਕਮਰੇ 'ਚ ਜਾਂਦਾ ਦਿਖਾਈ ਦਿੰਦਾ ਹੈ।

ਵਿਭਾਗੀ ਜਾਂਚ 'ਚ ਸ਼ਾਮ ਲਾਲ ਨਿਰਦੋਸ਼ ਤੇ ਰਾਮ ਸਿੰਘ ਦੇ ਕਾਲੇ ਕਾਰਨਾਮਿਆਂ ਦਾ ਪਰਦਾ ਫਾਸ਼ ਹੋ ਜਾਂਦਾ ਹੈ ਸ਼ਾਮ ਲਾਲ ਨੂੰ ਇੱਕ ਨਸੀਹਤ ਮਿਲਦੀ ਹੈ ਅਤੇ ਰਾਮ ਸਿੰਘ ਨੂੰ ਜੇਲ ਹੋ ਜਾਂਦੀ ਹੈ। ਇਹ ਕਹਾਣੀ ਇਥੋਂ ਤੱਕ ਹੈ ਪਰ ਝੁੱਕਣ ਦੀ ਮਿਸਾਲ ਅਤੇ ਆਪਣੀ ਉਲਝਣ ਦੇ ਸੁਲਝਣ ਅਤੇ ਖ਼ੁਦਕੁਸ਼ੀ ਦੀ ਪ੍ਰਵਿਰਤੀ ਦੇ ਖ਼ਿਲਾਫ਼ ਇੱਕ ਮਿਸਾਲ ਵਜੋਂ ਰੱਖੀ ਹੀ ਜਾ ਸਕਦੀ ਹੈ। ਸਵਾਲ ਇਹ ਹੈ ਕਿ ਸ਼ਾਮ ਲਾਲ ਕੀ ਆਪਣੇ ਵਰਤਮਾਨ ਅਹੁਦੇ 'ਤੇ ਰਹੇ, ਕੋਈ ਦੂਸਰੀ ਨੌਕਰੀ ਜਾਂ ਕੰਮ ਕਰ ਲਏ ਜਾਂ ਇੰਨੀ ਵੱਡੀ ਦੁਨੀਆ 'ਚ ਆਪਣੇ ਲਈ ਕੋਈ ਥਾਂ ਲੱਭ ਲਵੇ ਜਿੱਥੇ ਸ਼ੋਸ਼ਣ ਨਾ ਹੁੰਦਾ ਹੋਵੇ। ਇਮਾਨਦਾਰੀ ਨਾਲ ਸਭ ਕੰਮ ਹੁੰਦਾ ਹੋਵੇ ਤੇ ਮਿਹਨਤ ਦਾ ਪੂਰਾ ਮੁਆਵਜ਼ਾ ਮਿਲਾਦਾ ਹੋਵੇ? ਜ਼ਰਾ ਸੋਚੋ ਤੇ ਚਿੰਤਨ ਕਰੋ ਕਿ ਜੇਕਰ ਕਿਸੇ ਦੇ ਸਾਹਮਣੇ ਸਮਝੌਤਾ ਕਰਨ ਅਤੇ ਸਾਹ-ਮਣਾ ਕਰਨ 'ਚੋਂ ਇੱਕ ਨੂੰ ਚੁਣਨਾ ਹੋਵੇ ਤਾਂ ਕਿਸ ਨੂੰ ਚੁਣਿਆ ਜਾਵੇਗਾ। ਜ਼ਰਾ ਸੋਚੋ?

ਸਰਬ ਪਾਰਟੀ ਮੀਟਿੰਗ ਵਿੱਚ ਮੋਦੀ ਨੇ ਕਿਹਾ:

# ਸਾਡੀ ਸਰਹੱਦ ਵਿੱਚ ਘੁਸਪੈਠ ਨਹੀਂ ਹੋਈ, ਸਾਡੀ ਕੋਈ ਪੋਸਟ ਚੀਨ ਦੇ ਕਬਜ਼ੇ ਵਿੱਚ ਨਹੀਂ



ਨਵੀਂ ਦਿੱਲੀ, 21 ਜੂਨ, (ਪੋਸਟ ਬਿਊਰੋ)- ਬੀਤੇ ਸੋਮਵਾਰ ਲੱਦਾਖ ਵਿਚ ਪੈਂਦੀ ਭਾਰਤ-ਚੀਨ ਅਸਲ ਕੰਟਰੋਲ ਰੇਖਾ ਉੱਤੇ ਹੋਈ ਝੜਪ ਵਿੱਚ 20 ਭਾਰਤੀ ਫੌਜੀ ਜਵਾਨ ਮਾਰੇ ਜਾਣ ਕਾਰਨ ਸਾਰੇ ਦੇਸ਼ ਦੇ ਲੋਕਾਂ ਵਿਚ ਗੁੱਸਾ ਹੈ। ਇਸ ਸੰਕਟ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਰਬ ਪਾਰਟੀ ਬੈਠਕ ਸੱਦੀ ਸੀ, ਜਿਸ ਵਿੱਚ ਉਨ੍ਹਾ ਸਪੱਸ਼ਟ ਕਿਹਾ ਕਿ ਸਾਡੀ ਸਰਹੱਦ ਵਿਚ ਕੋਈ ਘੁਸਪੈਠ ਨਹੀਂ ਹੋਈ ਅਤੇ ਸਾਡੀ ਕਿਸੇ ਪੋਸਟ ਉੱਤੇ ਚੀਨ ਨੇ ਕਬਜ਼ਾ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਇਸ ਸਮੇਂ ਸਾਡੀ ਏਨੀ ਸਮਰੱਥਾ ਹੈ ਕਿ ਸਾਡੀ ਇਕ ਇੰਚ ਜ਼ਮੀਨ ਵੱਲ ਵੀ ਕੋਈ ਨਹੀਂ ਝਾਕ ਸਕਦਾ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਦੇਸ਼ ਨੂੰ ਸੁਰੱਖਿਅਤ ਰੱਖਣ ਲਈ ਫੌਜ ਜ਼ਮੀਨ, ਅਸਮਾਨ ਤੇ ਸਮੁੰਦਰ ਉੱਤੇ ਜੋ ਵੀ ਕਰਨਾ ਜ਼ਰੂਰੀ ਹੈ, ਕਰੇਗੀ। ਉਨ੍ਹਾਂ ਕਿਹਾ ਕਿ ਅੱਜ ਸਾਡੇ ਜਵਾਨ ਉਨ੍ਹਾਂ ਖੇਤਰਾਂ ਦੀ ਨਿਗਰਾਨੀ ਕਰ ਰਹੇ ਹਨ, ਜਿਥੇ ਪਹਿਲਾਂ ਨਿਗਰਾਨੀ ਨਹੀਂ ਸੀ ਹੁੰਦੀ। ਉਨ੍ਹਾਂ ਦੇਸ਼ ਨੂੰ ਭਰੋਸਾ ਦਿੱਤਾ ਕਿ ਹੱਦਾਂ ਸੁਰੱਖਿਅਤ ਹਨ।

ਮਿਲੀ ਜਾਣਕਾਰੀ ਅਨੁਸਾਰ ਸਰਬ ਪਾਰਟੀ ਮੀਟਿੰਗ ਵਿੱਚ ਅਕਾਲੀ ਦਲ ਦੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸਥਿਤੀ ਨਾਲ ਨਜਿੱਠਣ ਬਾਰੇ ਸਵਾਲ ਕਰਨ ਦਾ ਇਹ ਸਹੀ ਸਮਾਂ ਨਹੀਂ, ਦੇਸ਼ ਪ੍ਰਧਾਨ ਮੰਤਰੀ ਦੇ ਨਾਲ ਹੈ। ਚੀਨ ਨੂੰ ਸੰਦੇਸ਼ ਦੇਣਾ ਹੈ ਕਿ ਅਸੀਂ ਆਪਣੇ ਪ੍ਰਧਾਨ ਮੰਤਰੀ ਦੇ ਨਾਲ ਹਾਂ। ਵਾਈ ਐਸ ਆਰ ਕਾਂਗਰਸ ਦੇ ਨੇਤਾ ਜਗਨਮੋਹਨ ਰੈਡੀ ਨੇ ਕਿਹਾ, 'ਵਿਸ਼ਵ ਵਿੱਚ ਭਾਰਤ ਦੀ ਭਰੋਸੇਯੋਗਤਾ ਵਧੀ ਹੈ। ਭਾਰਤ ਦੁਨੀਆ ਵਿੱਚ ਰਣਨੀਤਕ ਭਾਈਵਾਲੀ ਵਧਾ ਰਿਹਾ ਹੈ। ਪ੍ਰਧਾਨ ਮੰਤਰੀ ਜੀ, ਤੁਸੀਂ ਸਾਡੀ ਤਾਕਤ ਹੋ। ਚੀਨ ਭਾਰਤ ਨੂੰ ਅਸਥਿਰ ਕਰਨਾ ਚਾਹੁੰਦਾ ਹੈ।' ਸ਼ਿਵ ਸੈਨਾ ਦੇ ਮੁਖੀ ਊਧਵ ਠਾਕਰੇ ਨੇ ਕਿਹਾ ਕਿ ਅਸੀਂ ਇੱਕ ਹਾਂ, ਅਸੀਂ ਪ੍ਰਧਾਨ ਮੰਤਰੀ ਦੇ ਨਾਲ ਹਾਂ। ਅਸੀਂ ਹਥਿਆਰਬੰਦ ਫੋਰਸਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਨਾਲ ਹਾਂ। ਭਾਰਤ ਸ਼ਾਂਤੀ ਚਾਹੁੰਦਾ ਹੈ, ਪਰ ਇਸ ਦਾ ਇਹ ਅਰਥ ਨਹੀਂ ਕਿ ਅਸੀਂ ਕਮਜ਼ੋਰ ਹਾਂ। ਜਨਤਾ ਦਲ ਯੂ ਦੇ ਮੁਖੀ ਤੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਕਿਹਾ ਕਿ ਚੀਨ ਵਿਰੁੱਧ ਪੂਰੇ ਦੇਸ਼ ਵਿੱਚ ਗੁੱਸਾ ਹੈ, ਸਾਡੇ ਵਿਚ ਕੋਈ ਫਰਕ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਰਤੀ ਬਾਜ਼ਾਰ ਵਿਚ ਚੀਨੀ ਸਾਮਾਨ ਦੀ ਵੱਡੀ ਸਮੱਸਿਆ ਹੈ।

ਇਸ ਮੀਟਿੰਗ ਵਿੱਚ ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਨੇ ਸ਼ਹੀਦ ਫੌਜੀਆਂ ਨੂੰ ਸ਼ਰਧਾਂਜਲੀ ਭੇਟ ਕਰਨ ਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਨ ਮਗਰੋਂ ਕਿਹਾ ਕਿ ਕਈ ਗੱਲਾਂ ਹਨੇਰੇ ਵਿੱਚ ਹਨ। ਸੂਤਰਾਂ ਅਨੁਸਾਰ ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਪੁੱਛਿਆ ਕਿ ਚੀਨੀ ਫੌਜ ਨੇ ਕਿਸ ਦਿਨ ਲੱਦਾਖ ਦਾ ਘਿਰਾਓ ਕੀਤਾ ਸੀ? ਇਹ 5 ਮਈ ਨੂੰ ਹੋਇਆ ਸੀ ਜਾਂ ਇਸ ਤੋਂ ਪਹਿਲਾਂ? ਜਦੋਂ 5 ਮਈ ਨੂੰ ਲੱਦਾਖ ਸਣੇ ਕਈ ਥਾਂਈਂ ਚੀਨੀ ਘੁਸਪੈਠ ਦੀ ਗੱਲ ਪਤਾ ਲੱਗੀ ਤਾਂ ਸਰਕਾਰ ਨੂੰ ਓਦੋਂ ਛੇਤੀ ਸਰਬ ਪਾਰਟੀ ਬੈਠਕ ਕਰਨੀ ਚਾਹੀਦੀ ਸੀ। ਉਨ੍ਹਾਂ ਨੇ ਪੁੱਛਿਆ, 'ਕੀ ਸਰਕਾਰ ਨੂੰ ਸੈਟੇਲਾਈਟ ਤੋਂ ਬਾਰਡਰ ਦੀਆਂ ਤਸਵੀਰਾਂ ਨਹੀਂ ਮਿਲਦੀਆਂ?' ਕੀ ਖੁਫੀਆ ਏਜੰਸੀਆਂ ਨੇ ਓਥੇ ਹੁੰਦੀ ਸਰਗਰਮੀ ਦੀ ਜਾਣਕਾਰੀ ਨਹੀਂ ਦਿੱਤੀ? ਕੀ ਮਿਲਟਰੀ ਇੰਟੈਲੀਜੈਂਸ ਨੇ ਚੀਨ ਵੱਲੋਂ ਸਰਹੱਦ ਉੱਤੇ ਐਲ ਏ ਸੀ (ਅਸਲ ਕੰਟਰੋਲ ਰੇਖਾ) ਜਾਂ ਸਰਹੱਦ ਉੱਤੇ ਸਰਗਰਮੀ ਬਾਰੇ ਚੀਨ ਨੂੰ ਸਰਕਾਰ ਨੂੰ ਨਹੀਂ ਦੱਸਿਆ? ਕੀ ਇਹ ਖੁਫੀਆ ਵਿਭਾਗ ਦੀ ਅਸਫਲਤਾ ਨਹੀਂ? ਉਨ੍ਹਾ ਕਿਹਾ ਕਿ ਕਾਂਗਰਸ ਦੀ ਰਾਏ ਹੈ ਕਿ ਅਸੀਂ 5 ਮਈ ਤੋਂ 6 ਜੂਨ ਵਿਚਾਲੇ ਅਣਮੁੱਲਾ ਸਮਾਂ ਗਵਾ ਦਿੱਤਾ, ਜਦੋਂ ਦੋਵਾਂ ਦੇਸ਼ਾਂ ਦੇ ਮੁੱਖ ਕਮਾਂਡਰਾਂ ਦੀ ਬੈਠਕ ਹੋਈ ਸੀ। 6 ਜੂਨ ਦੀ ਇਸ ਬੈਠਕ ਪਿੱਛੋਂ ਵੀ ਚੀਨੀ ਲੀਡਰਸ਼ਿਪ ਨਾਲ ਸਿੱਧੇ ਰਾਜਨੀਤਿਕ ਅਤੇ ਕੂਟਨੀਤਕ ਪੱਧਰਾਂ ਉੱਤੇ ਗੱਲ ਕਿਉਂ ਨਹੀਂ ਕੀਤੀ ਗਈ? ਇਸ ਦੌਰਾਨ ਹੋਰ ਪਾਰਟੀਆਂ ਦੇ ਲੀਡਰਾਂ ਨੇ ਵੀ ਸੰਬੋਧਨ ਕੀਤਾ ਹੈ।

# ਦਿੱਲੀ ਸਰਕਾਰ ਨੇ ਹਸਪਤਾਲਾਂ ਦੇ ਛੁੱਟੀ ਗਏ ਸਿਹਤ ਮੁਲਾਜ਼ਮ ਵੀ ਵਾਪਸ ਸੱਦਣ ਨੂੰ ਕਿਹਾ

* ਕੇਜਰੀਵਾਲ ਦੇ ਵਿਰੋਧ ਪਿੱਛੋਂ ਲੈਫਟੀਨੈਂਟ ਗਵਰਨਰ ਪਿੱਛੇ ਹਟਿਆ





ਨਵੀਂ ਦਿੱਲੀ, 21 ਜੂਨ, (ਪੋਸਟ ਬਿਊਰੋ)- ਦਿੱਲੀ ਵਿੱਚ ਕੋਰੋਨਾ ਵਾਇਰਸ ਦੇ ਵਧਦੇ ਕੇਸਾਂ ਤੇ ਮੌਤਾਂ ਨੇ ਰਾਜ ਸਰਕਾਰ ਦੇ ਨਾਲ ਕੇਂਦਰ ਸਰਕਾਰ ਲਈ ਵੀ ਚਿੰਤਾ ਪੈਦਾ ਕਰ ਦਿੱਤੀ ਹੈ। ਬੀਤੇ 24 ਘੰਟਿਆਂ ਵਿੱਚ 3,127 ਨਵੇਂ ਕੇਸ ਮਿਲਣ ਦੇ ਨਾਲ ਦਿੱਲੀ ਵਿੱਚ ਕੋਰੋਨਾ ਵਾਇਰਸ ਦੇ ਕੇਸਾਂ ਦੀ ਗਿਣਤੀ ਵਧ ਕੇ 53 ਹਜ਼ਾਰ ਟੱਪ ਗਈ ਹੈ। ਇਸ ਦੌਰਾਨ ਏਥੋਂ ਦੀ ਸਰਕਾਰ ਨੇ ਦਿੱਲੀ ਦੇ ਸਾਰੇ ਹਸਪਤਾਲਾਂ ਤੇ ਮੈਡੀਕਲ ਸੰਸਥਾਵਾਂ ਨੂੰ ਆਪਣੇ ਛੁੱਟੀ ਗਏ ਮੁਲਾਜ਼ਮ ਵੀ ਵਾਪਸ ਸੱਦਣ ਨੂੰ ਕਹਿ ਦਿੱਤਾ ਹੈ ਅਤੇ ਸਿਰਫ ਜ਼ਰੂਰੀ ਕੰਮ ਦੀ ਹਾਲਤ ਵਿੱਚ ਹੀ ਉਨ੍ਹਾਂ ਨੂੰ ਛੁੱਟੀ ਦੇਣ ਲਈ ਕਿਹਾ ਹੈ।

ਪਿਛਲੇ ਇੱਕ ਹਫਤੇ ਵਿੱਚ ਕੋਰੋਨਾ ਵਾਇਰਸ ਦੇ ਇੱਕਦਮ ਵਿਗੜੇ ਹਾਲਾਤ ਕਾਰਨ ਦਿੱਲੀ ਸਰਕਾਰ ਦੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਵਿਸ਼ੇਸ਼ ਸੈਕਟਰੀ ਨੇ ਇੱਕ ਹੁਕਮ ਜਾਰੀ ਕਰ ਕੇ ਕਿਹਾ ਹੈ ਕਿ ਸਿਹਤ ਵਿਭਾਗ ਹੇਠਲੇ ਸਾਰੇ ਹਸਪਤਾਲਾਂ ਦੇ ਮੁਲਾਜ਼ਮਾਂ ਦੀ ਛੁੱਟੀ ਇਸੇ ਵਕਤ ਤੋਂ ਰੱਦ ਕੀਤੀ ਜਾਂਦੀ ਹੈ ਤੇ ਸਿਰਫ ਐਮਰਜੈਂਸੀ ਹਾਲਾਤ ਵਿੱਚ ਹੀ ਕਿਸੇ ਸਿਹਤ ਮੁਲਾਜ਼ਮ ਨੂੰ ਛੁੱਟੀ ਦਿੱਤੀ ਜਾਵੇਗੀ। ਦੂਸਰੇ ਪਾਸੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਸਖ਼ਤ ਵਿਰੋਧ ਪਿੱਛੋਂ ਦਿੱਲੀ ਦੇ ਲੈਫਟੀਨੈਂਟ ਗਵਰਨਰ ਅਨਿਲ ਬੈਜਲ ਨੇ ਹਰ ਮਰੀਜ਼ ਨੂੰ ਸਿਰਫ ਸਰਕਾਰੀ ਥਾਂ ਕੁਆਰੰਟਾਈਨ ਕਰਨ ਦਾ ਹੁਕਮ 24 ਘੰਟੇ ਵਿੱਚ ਵਾਪਸ ਲੈ ਲਿਆ ਅਤੇ ਹੋਮ ਕੁਆਰੰਟਾਈਨ ਦਾ ਪ੍ਰਬੰਧ ਫਿਰ ਚਾਲੂ ਕਰ ਦਿੱਤਾ ਹੈ। ਅੱਗੇ ਤੋਂ ਸਰਕਾਰੀ ਵਿਵਸਥਾ ਵਿੱਚ ਸਿਰਫ ਉਨ੍ਹਾਂ ਮਰੀਜ਼ਾਂ ਨੂੰ ਕੁਆਰੰਟਾਈਨ ਕੀਤਾ ਜਾਵੇਗਾ, ਜਿਨ੍ਹਾਂ ਨੂੰ ਹਸਪਤਾਲ ਵਿੱਚ ਰੱਖਣ ਦੀ ਲੋੜ ਨਹੀਂ ਤੇ ਉਨ੍ਹਾਂ ਕੋਲ ਹੋਮ ਕੁਆਰੰਟਾਈਨ ਲਈ ਢੁੱਕਵੀਂ ਜਗ੍ਹਾ ਵੀ ਨਹੀਂ। ਦਿੱਲੀ ਦੇ ਗ੍ਰਹਿ ਮੰਤਰਾਲੇ ਦੇ ਸੂਤਰਾਂ ਮੁਤਾਬਕ ਦਿੱਲੀ ਦੇ ਬਹੁਤ ਸਾਰੇ ਲੋਕਾਂ ਕੋਲ ਦੋ ਕਮਰੇ ਦਾ ਜਾਂ ਇਸ ਤੋਂ ਵੀ ਛੋਟਾ ਘਰ ਅਤੇ ਇੱਕੋ ਬਾਥਰੂਮ ਹੈ। ਉਨ੍ਹਾਂ ਨੂੰ ਪੰਜ ਦਿਨ ਸਰਕਾਰੀ ਵਿਵਸਥਾ ਵਿੱਚ ਕੁਆਰੰਟਾਈਨ ਕਰਨ ਦੀ ਸਲਾਹ ਦਿੱਤੀ ਗਈ ਸੀ। ਇਸ ਨਾਲ ਵਿਵਾਦ ਭਖ ਗਿਆ। ਲੈਫਟੀਨੈਂਟ ਗਵਰਨਰ ਨੇ ਕਿਹਾ ਸੀ ਕਿ ਹਰ ਹਾਲਤ ਵਿੱਚ ਹਰ ਮਰੀਜ਼ ਨੂੰ ਸਰਕਾਰੀ ਪ੍ਰਬੰਧ ਹੇਠ ਕੁਆਰੰਟਾਈਨ ਕਰਨਾ ਹੈ। ਅਰਵਿੰਦ ਕੇਜਰੀਵਾਲ ਨੇ ਦਿੱਲੀ ਡਿਜ਼ਾਸਟਰ ਮੈਨੇਜਮੈਂਟ ਅਥਾਰਟੀ ਦੀ ਮੀਟਿੰਗ ਦੌਰਾਨ ਲੈਫਟੀਨੈਂਟ ਗਵਰਨਰ ਦੇ ਫੈਸਲੇ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਜਦੋਂ ਸਾਰੇ ਦੇਸ਼ ਵਿੱਚ ਏਦਾਂ ਨਹੀਂ ਕੀਤਾ ਜਾਂਦਾ, ਲੋਕਾਂ ਨੂੰ ਘਰਾਂ ਵਿੱਚ ਕੁਆਰੰਟਾਈਨ ਕੀਤਾ ਜਾਂਦਾ ਹੈ ਤਾਂ ਦਿੱਲੀ ਵਿੱਚ ਨਵਾਂ ਕਾਨੂੰਨ ਠੋਸਿਆ ਹੈ। ਜਦੋਂ ਵਿਵਾਦ ਵਧ ਗਿਆ ਤਾਂ ਅੱਜ ਸ਼ਾਮ ਲੈਫਟੀਨੈਂਟ ਗਵਰਨਰ ਨੇ ਆਪਣਾ ਹੁਕਮ ਵਾਪਸ ਲੈ ਲਿਆ ਹੈ।

## ਯਸ਼ਰਾਜ ਫਿਲਮਜ਼ ਨੇ ਸੁਸ਼ਾਂਤ ਨਾਲ ਕੀਤੇ ਸਮਝੌਤੇ ਦੀਆਂ ਕਾਪੀਆਂ ਪੁਲਸ ਨੂੰ ਸੌਂਪੀਆਂ

ਮੁੰਬਈ, 21 ਜੂਨ (ਪੋਸਟ ਬਿਊਰੋ)- ਯਸ਼ਰਾਜ ਫਿਲਮਜ਼ (ਵਾਈ ਆਰ ਐੱਫ) ਨੇ ਕੱਲ੍ਹ ਮੁੰਬਈ ਪੁਲਸ ਨੂੰ ਆਪਣੇ ਨਵੇਂ ਪ੍ਰੋਜੈਕਟਾਂ ਲਈ ਮਰਹੂਮ ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ ਦੇ ਦਸਖਤਾਂ ਵਾਲੇ ਸਮਝੌਤੇ ਦੀਆਂ ਕਾਪੀਆਂ ਦੇ ਦਿੱਤੀਆਂ ਹਨ। ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ ਨੇ ਪਿਛਲੇ ਐਤਵਾਰ ਆਪਣੇ ਬਾਂਦ੍ਰਾ ਵਾਲੇ ਅਪਾਰਟਮੈਂਟ ਵਿੱਚ ਖੁਦਕੁਸ਼ੀ ਕਰ ਲਈ ਸੀ ਅਤੇ ਪੁਲਸ ਅਨੁਸਾਰ ਮੌਕੇ ਤੋਂ ਕੋਈ ਖੁਦਕੁਸ਼ੀ ਨੋਟ ਬਰਾਮਦ ਨਹੀਂ ਹੋਇਆ ਸੀ।

ਪੁਲਸ ਅਧਿਕਾਰੀ ਨੇ ਦੱਸਿਆ ਕਿ ਬਾਂਦ੍ਰਾ ਪੁਲਸ ਨੇ 18 ਜੂਨ ਨੂੰ ਯਸ਼ਰਾਜ ਫਿਲਮਜ਼ ਨੂੰ ਪੱਤਰ ਭੇਜ ਕੇ ਸੁਸ਼ਾਂਤ ਨਾਲ ਕੀਤੇ ਸਮਝੌਤੇ ਦੀਆਂ ਕਾਪੀਆਂ ਮੰਗੀਆਂ ਸਨ। ਪੁਲਸ ਦੇ ਅਨੁਸਾਰ ਜਾਂਚ ਅਧਿਕਾਰੀਆਂ ਨੂੰ ਵਾਈ ਆਰ ਐੱਫ ਤੋਂ ਕੰਟਰੈਕਟ ਦੀਆਂ ਕਾਪੀਆਂ ਮਿਲ ਗਈਆਂ ਹਨ, ਜਿਸ 'ਤੇ ਸੁਸ਼ਾਂਤ ਦੇ ਦਸਖਤ ਹਨ। ਪੁਲਸ ਅਨੁਸਾਰ ਸੁਸ਼ਾਂਤ ਦੀ ਮਹਿਲਾ ਮਿੱਤਰ ਰੀਆ ਚੱਕਰਵਰਤੀ ਨੇ ਜਾਂਚ ਕਰਤਾਵਾਂ ਨੂੰ ਦੱਸਿਆ ਕਿ ਸੁਸ਼ਾਂਤ ਨੇ ਯਸ਼ਰਾਜ ਫਿਲਮਜ਼ ਨਾਲ ਕੰਟਰੈਕਟ ਖਤਮ ਕਰ ਦਿੱਤਾ ਸੀ ਅਤੇ ਉਸ ਨੂੰ ਵੀ ਇਸ ਬੈਨਰ ਨਾਲ ਕੰਮ ਨਾ ਕਰਨ ਨੂੰ ਕਿਹਾ ਸੀ। ਸੁਸ਼ਾਂਤ ਨੇ ਵਾਈ ਆਰ ਐੱਫ ਬੈਨਰ ਦੀਆਂ ਦੋ ਫਿਲਮਾਂ 'ਸ਼ੁੱਧ ਦੇਸੀ ਰੋਮਾਂਸ; (2013) ਅਤੇ 'ਡਿਟੈਕਟਿਵ ਵਿਓਮਕੇਸ਼ ਬਖਸ਼ੀ' (2015) ਵਿੱਚ ਕੰਮ ਕੀਤਾ ਅਤੇ ਤੀਜੀ ਫਿਲਮ 'ਪਾਣੀ' ਸਾਈਨ ਕੀਤੀ ਸੀ, ਪਰ ਵਾਈ ਆਰ ਐੱਫ ਨੇ ਇਹ ਪ੍ਰੋਜੈਕਟ ਛੱਡ ਦਿੱਤਾ ਸੀ।

# ਅੰਮ੍ਰਿਤਸਰ ਦੇ ਜਾਅਲੀ ਸੀ ਬੀ ਆਈ ਅਧਿਕਾਰੀ ਸਣੇ ਤਿੰਨ ਕਾਬੂ



ਨਵੀਂ ਦਿੱਲੀ, 21 ਜੂਨ (ਪੋਸਟ ਬਿਊਰੋ)- ਦੱਖਣੀ ਦਿੱਲੀ ਦੇ ਮੈਦਾਨ ਗੜੀ ਥਾਣਾ ਦੀ ਪੁਲਸ ਨੇ ਲੋਕਾਂ ਨੂੰ ਠੱਗਣ ਵਾਲੇ ਗੈਂਗ ਦੇ ਤਿੰਨ ਬਦਮਾਸ਼ਾਂ ਨੂੰ ਗ੍ਰਿਫਤਾਰ ਕੀਤਾ ਹੈ। ਦੋਸ਼ੀਆਂ ਦੀ ਪਛਾਣ ਅੰਮ੍ਰਿਤਸਰ ਦੇ ਲਖਵਿੰਦਰ ਸਿੰਘ ਤੇ ਪਾਣੀਪਤ ਦੇ ਸੋਨੂੰ ਕੁਮਾਰ ਅਤੇ ਸਨੀ ਦੇ ਰੂਪ ਵਿੱਚ ਹੋਈ ਹੈ। ਲਖਵਿੰਦਰ ਗਿਰੋਹ ਦਾ ਸਰਗਨਾ ਹੈ। ਉਸ 'ਤੇ ਹਰਿਆਣਾ, ਉੱਤਰ ਪ੍ਰਦੇਸ਼ ਸਮੇਤ ਦਿੱਲੀ ਵਿੱਚ 17 ਕੇਸ ਦਰਜ ਹਨ। ਇਹ ਗੈਂਗ 25 ਤੋਂ ਵੱਧ ਵਾਰਦਾਤਾਂ ਕਰ ਚੁੱਕਾ ਹੈ। ਉਨ੍ਹਾਂ ਦੇ ਕੋਲੋਂ ਤਿੰਨ ਕਾਰਾਂ, ਇੱਕ ਬਾਈਕ, ਤੀਹ ਹਜ਼ਾਰ ਨਕਦੀ ਅਤੇ ਲੱਖਾਂ ਦੇ ਗਹਿਣੇ ਮਿਲੇ ਹਨ। ਪੁਲਸ ਨੂੰ ਫਰਜ਼ੀ ਸੀ ਬੀ ਆਈ ਅਧਿਕਾਰੀ ਦਾ ਪਛਾਣ ਪੱਤਰ ਵੀ ਮਿਲਿਆ ਹੈ। ਇੱਕ ਦੋਸ਼ੀ ਪੰਜਾਬ ਤੋਂ ਅਤੇ ਦੋ ਹਰਿਆਣਾ ਦੇ ਪਾਣੀਪਤ ਦੇ ਹਨ।

ਦੱਖਣੀ ਦਿੱਲੀ ਦੇ ਡੀ ਸੀ ਪੀ ਅਤੁਲ ਕੁਮਾਰ ਠਾਕੁਰ ਨੇ ਦੱਸਿਆ ਕਿ ਮਈ ਵਿੱਚ ਠੱਗੀ ਦੀ ਸ਼ਿਕਾਇਤ ਮਿਲੀ ਸੀ। ਪੀੜਤ ਨੇ ਦੱਸਿਆ ਸੀ ਕਿ ਇੱਕ ਵਿਅਕਤੀ ਉਨ੍ਹਾਂ ਅਤੇ ਉਨ੍ਹਾਂ ਦੀ ਪਤਨੀ ਦਾ ਨਾਂਅ ਲੈਂਦੇ ਹੋਏ ਘਰ ਵਿੱਚ ਦਾਖਲ ਹੋਇਆ ਸੀ। ਉਸ ਵਕਤ ਘਰ ਵਿੱਚ ਸੱਤਰ ਸਾਲਾਂ ਮਾਂ ਸੀ। ਉਸ ਵਿਅਕਤੀ ਨੇ ਮਾਂ ਨੂੰ ਕਿਹਾ ਕਿ ਘਰ ਵਿੱਚ ਪੁਲਸ ਆਉਣ ਵਾਲੀ ਹੈ, ਇਸ ਲਈ ਸਾਰੇ ਗਹਿਣੇ ਤੇ ਨਕਦੀ ਇੱਕ ਬੈਗ ਵਿੱਚ ਰੱਖ ਕੇ ਛਿਪਾ ਦਿਓ। ਫਿਰ ਸੰਮੋਹਿਤ ਕਰ ਕੇ ਬਦਮਾਸ਼ ਕਰੀਬ ਪੰਜ ਲੱਖ ਰੁਪਏ ਦੇ ਗਹਿਣੇ ਅਤੇ ਨਕਦੀ ਲੁੱਟ ਕੇ ਲੈ ਗਏ। ਇਸੇ ਮਹੀਨੇ ਅਮਰ ਕਲੋਨੀ ਵਿੱਚ ਬਦਮਾਸ਼ ਇੱਕ ਘਰ ਵਿੱਚ ਗਿਆ ਅਤੇ ਔਰਤ ਨੂੰ ਕਿਹਾ ਕਿ ਉਹ ਉਨ੍ਹਾਂ ਦੇ ਪਤੀ ਦਾ ਦੋਸਤ ਹੈ। ਉਨ੍ਹਾਂ ਦੇ ਘਰ ਛਾਪਾ ਪੈਣ ਵਾਲਾ ਹੈ, ਘਰ ਵਿੱਚ ਰੱਖੇ ਗਹਿਣੇ ਅਤੇ ਨਕਦੀ ਇੱਕ ਬੈਗ ਵਿੱਚ ਰੱਖ ਦੇਣ। ਬਾਅਦ ਵਿੱਚ ਬਦਮਾਸ਼ ਬਹਾਨੇ ਨਾਲ ਬੈਗ ਲੈ ਕੇ ਰਫੂਚੱਕਰ ਹੋ ਗਿਆ।

# ਬੀ ਐੱਸ ਐੱਫ ਨੇ ਪਾਕਿ ਦਾ ਹਥਿਆਰਾਂ ਨਾਲ ਲੈੱਸ ਡਰੋਨ ਡੇਗਿਆ

ਹੀਰਾਨਗਰ, 21 ਜੂਨ (ਪੋਸਟ ਬਿਊਰੋ)- ਸਰਹੱਦੀ ਸੁਰੱਖਿਆ ਸਕੁਆਡ (ਬੀ ਐੱਸ ਐੱਫ) ਦੇ ਜਵਾਨਾਂ ਨੇ ਹੀਰਾਨਗਰ ਸੈਕਟਰ ਦੇ ਕਠੂਆ 'ਚ ਸਰਹੱਦ ਪਾਰ ਤੋਂ ਹਥਿਆਰਾਂ ਦੀ ਖੇਪ ਭੇਜਣ ਦੀ ਕੋਸ਼ਿਸ਼ ਨਾਕਾਮ ਕਰ ਕੇ ਇੱਕ ਹੈਕਸਾਕਾਪਟਰ ਡਰੋਨ ਨੂੰ ਸੁੱਟ ਲਿਆ ਹੈ। ਹਥਿਆਰਾਂ ਅਤੇ ਗੋਲਾ ਬਾਰੂਦ ਦੀ ਖੇਪ ਭਾਰਤ ਦੇ ਅਲੀ ਬਾਬਾ ਨੂੰ ਪਹੁੰਚਾਉਣੀ ਸੀ। ਅਲੀ ਬਾਬਾ ਦੇ ਨਾਂਅ ਦਾ ਜ਼ਿਕਰ ਪੇਲੋਡ ਵਿੱਚ ਵੀ ਕੀਤਾ ਗਿਆ ਹੈ।

ਉੱਤਰੀ ਕਸ਼ਮੀਰ ਦੇ ਬਾਰਾਮੂਲਾ ਜ਼ਿਲੇ ਦੇ ਉੜੀ ਇਲਾਕੇ 'ਚ ਕੰਟਰੋਲ ਰੇਖਾ (ਐੱਲ ਓ ਸੀ) 'ਤੇ ਕੱਲ੍ਹ ਪਾਕਿਸਤਾਨ ਵਿਰੋਧੀ ਸਰਹੱਦੀ ਸੁਰੱਖਿਆ ਦਸਤੇ ਦੇ ਆਈ ਜੀ, ਐੱਨ ਐੱਸ ਜਮਵਾਲ ਨੇ ਪਾਨਸਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ 19ਵੀਂ ਬਟਾਲੀਅਨ ਦੇ ਜਵਾਨ ਸਵੇਰੇ 5.15 ਵਜੇ ਜਦੋਂ ਰੂਟੀਨ ਗਸ਼ਤ ਉੱਤੇ ਸਨ ਤਾਂ ਉਨ੍ਹਾਂ ਨੇ ਅਸਮਾਨ ਵਿੱਚ ਤਕਰੀਬਨ 150 ਗਜ ਦੀ ਉਚਾਈ 'ਤੇ ਇੱਕ ਹੈਕਸਾਕਾਪਟਰ ਡਰੋਨ ਨੂੰ ਉਡਦੇ ਹੋਏ ਦੇਖਿਆ। ਜਦੋਂ ਇਹ ਡਰੋਨ ਭਾਰਤੀ ਸਰਹੱਦ ਦੇ 250 ਮੀਟਰ ਅੰਦਰ ਤੱਕ ਆ ਗਿਆ ਤਾਂ ਜਵਾਨਾਂ ਨੇ ਇਸ ਨੂੰ ਨਿਸ਼ਾਨਾ ਬਣਾ ਕੇ ਸੁੱਟ ਦਿੱਤਾ। ਬੀ ਐੱਸ ਐੱਫ ਦੇ ਜਵਾਨਾਂ ਨੇ ਜਦੋਂ ਇਸ ਦੀ ਜਾਂਚ ਕੀਤੀ ਤਾਂ ਇਹ ਇੱਕ ਅਮਰੀਕਾ ਵੱਲੋਂ ਬਣਿਆ ਆਟੋਮੈਟਿਕ ਐੱਮ-4 ਰਾਈਫਲ, ਦੋ ਮੈਗਜ਼ੀਨ, 5.56 ਆਕਾਰ ਦੇ 60 ਰੌਂਦ ਅਤੇ ਚੀਨ ਵਿੱਚ ਬਣੀ ਸੱਤ ਐੱਮ 67 ਗ੍ਰੇਨੇਡ ਦੇ ਨਾਲ ਲੈੱਸ ਸੀ। ਡਰੋਨ ਵਿੱਚ ਚਾਰ ਬੈਟਰੀਆ ਲੱਗੀਆਂ ਸਨ। ਹੋਰ ਯੰਤਰ ਚੀਨ ਵਿੱਚ ਬਣੇ ਸਨ। ਇਸ ਤੋਂ ਇਲਾਵਾ ਇੱਕ ਰੇਡੀਓ ਸਿਗਨਲ ਰਿਸੀਵਰ ਅਤੇ ਦੋ ਜੀ ਪੀ ਐੱਸ ਪਾਏ ਗਏ ਹਨ।

ਯੋਗੀ ਵੱਲੋਂ ਅਕਾਲੀਆਂ ਨਾਲ ਵਾਅਦਾ:

# 'ਉੱਤਰ ਪ੍ਰਦੇਸ਼ ਵਿੱਚੋਂ ਕੋਈ ਸਿੱਖ ਕਿਸਾਨ ਨਹੀਂ ਉਜਾੜਿਆ ਜਾਵੇਗਾ'



ਚੰਡੀਗੜ੍ਹ, 21 ਜੂਨ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਕੱਲ੍ਹ ਅਕਾਲੀ ਦਲ ਦੇ ਤਿੰਨ ਮੈਂਬਰੀ ਵਫਦ ਨੂੰ ਭਰੋਸਾ ਦਿੱਤਾ ਹੈ ਕਿ ਇਸ ਰਾਜ ਵਿੱਚ ਕਿਸੇ ਵੀ ਸਿੱਖ ਕਿਸਾਨ ਦਾ ਉਜਾੜਾ ਨਹੀਂ ਹੋਣ ਦਿੱਤਾ ਜਾਵੇਗਾ। ਮੁੱਖ ਮੰਤਰੀ ਯੋਗੀ ਆਦਿਤਿਆਨਾ ਨੂੰ ਉਨ੍ਹਾਂ ਦੀ ਲਖਨਊ ਰਿਹਾਇਸ਼ 'ਤੇ ਮਿਲਣ ਮਗਰੋਂ ਇਸ ਬਾਰੇ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਦੱਸਿਆ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਨਿਰਦੇਸ਼ਾਂ ਮੁਤਾਬਕ ਅਕਾਲੀ ਦਲ ਦੇ ਵਫਦ ਨੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਨਾਲ ਮੁਲਾਕ-ਾਤ ਕੀਤੀ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਨੇ ਮੌਕੇ 'ਤੇ ਐਲਾਨ ਕੀਤਾ ਕਿ ਉਨ੍ਹਾਂ ਦੀ ਸਰਕਾਰ ਆਰਮਡ ਫੋਰਸਿਜ਼ ਸੈਂਟਰ, ਜਿਸ ਨੂੰ ਬਿਜਨੌਰ ਵਿੱਚ ਚੰਪਤਪੁਰ ਚਮਲਾ ਵਿੱਚ ਵੱਸੇ ਸਿੱਖ ਕਿਸਾਨਾਂ ਦੀ ਜ਼ਮੀਨ 'ਤੇ ਬਣਾਉਣ ਦੀ ਤਜਵੀਜ਼ ਸੀ, ਲਈ ਵੱਖਰੀ ਥਾਂ ਤੈਅ ਕਰੇਗੀ।

ਪ੍ਰੋਫੈਸਰ ਚੰਦੂਮਾਜਰਾ ਨੇ ਦੱਸਿਆ ਕਿ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਸਾਰੀਆਂ ਚਾਰ ਥਾਵਾਂ, ਜਿੱਥੇ ਸਿੱਖ ਕਿਸਾਨਾਂ ਦੇ ਉਜਾੜੇ ਦਾ ਡਰ ਹੈ, ਦੇ ਸਰਵੇਖਣ ਅਤੇ ਉਨ੍ਹਾਂ ਕਿਸਾਨਾਂ ਵਾਲੀਆਂ ਜ਼ਮੀਨਾਂ ਦੇ ਅਧਿਕਾਰ ਦੇਣ ਦਾ ਰਾਹ ਲੱਭਣ ਲਈ ਚਾਰ ਵੱਖ-ਵੱਖ ਟੀਮਾਂ ਬਣਾਈਆਂ ਹਨ ਅਤੇ ਉੱਤਰ ਪ੍ਰਦੇਸ਼ ਦੇ ਸਿੰਜਾਈ ਮੰਤਰੀ ਬਲਦੇਵ ਸਿੰਘ ਔਲਖ ਨੂੰ ਇਨ੍ਹਾਂ ਕੇਸਾਂ ਦੀ ਘੋਖ ਅਤੇ ਇਸ ਰਾਜ ਵਿੱਚ ਸਿੱਖਾਂ ਨੂੰ ਦਰਪੇਸ਼ ਹੋਰ ਮੁਸ਼ਕਲਾਂ ਲਈ ਕੋਆਰਡੀਨੇਟਰ ਨਿਯੁਕਤ ਕੀਤਾ ਹੈ।

## ਸਾਨੂੰ ਖਾਲਿਸਤਾਨ ਨਹੀਂ, ਪੂਰੇ ਅਧਿਕਾਰਾਂ ਵਾਲਾ ਪੰਜਾਬ ਚਾਹੀਦੈ: ਢੀਂਡਸਾ

ਮੁਕਤਸਰ ਸਾਹਿਬ, 21 ਜੂਨ, (ਪੋਸਟ ਬਿਊਰੋ)- ਅਪਰੇਸ਼ਨ ਬਲਿਊ ਸਟਾਰ ਦੀ ਬਰਸੀ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਖ਼ਾਲਿਸਤਾਨ ਦੀ ਹਮਾਇਤ ਵਿੱਚ ਦਿੱਤੇ ਬਿਆਨ ਨਾਲ ਸਿੱਖ ਸਿਆਸਤ ਵਿੱਚ ਆਇਆ ਉਬਾਲ ਅਜੇ ਵੀ ਰੁਕਣ ਦਾ ਨਾਂਅ ਨਹੀਂ ਲੈ ਰਿਹਾ ਤੇ ਕਈ ਸਿੱਖ ਆਗੂ ਵੱਖੋ-ਵੱਖੋ ਬਿਆਨ ਦੇ ਰਹੇ ਹਨ। ਇਸ ਵਾਰੀ ਅਕਾਲੀ ਦਲ ਤੋਂ ਵੱਖ ਹੋਏ ਸੁਖਦੇਵ ਸਿੰਘ ਢੀਂਡਸਾ ਇਸ ਬਾਰੇ ਬੋਲੇ ਹਨ ਅਤੇ ਉਨ੍ਹਾਂ ਕਿਹਾ ਹੈ ਕਿ ਖਾਲਿਸਤਾਨ ਨਹੀਂ, ਅਸਲ ਵਿੱਚ ਪੰਜਾਬ ਦੇ ਲੋਕਾਂ ਨੂੰ ਏਥੇ ਇੱਕ ਵੱਧ ਅਧਿਕਾਰਾਂ ਵਾਲੇ ਰਾਜ ਦੀ ਲੋੜ ਹੈ।

ਕੱਲ੍ਹ ਇਸ ਮੁੱਦੇ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਬਾਗੀ ਅਕਾਲੀ ਆਗੂ ਅਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਸਾਨੂੰ ਖ਼ਾਲਿਸਤਾਨ ਨਹੀਂ, ਪੂਰੇ ਅਧਿਕਾਰਾਂ ਵਾਲੇ ਰਾਜ ਦੀ ਲੋੜ ਹੈ। ਅਸੀਂ ਇਸੇ ਦੇਸ਼ ਰਹਿ ਕੇ ਪੂਰੇ ਹੱਕ ਚਾਹੁੰਦੇ ਹਾਂ। ਉਨ੍ਹਾਂ ਨੇ ਦੇਸ਼ ਤੋਂ ਵੱਖ ਹੋਣ ਦੀ ਸੋਚ ਦਾ ਹੁੰਗਾਰਾ ਨਹੀਂ ਭਰਿਆ।

ਇਸ ਮੌਕੇ ਢੀਂਡਸਾ ਨੇ ਕਿਹਾ ਕਿ ਅਕਾਲੀ ਦਲ ਦੇ ਬਹੁਤ ਸਾਰੇ ਆਗੂ ਉਨ੍ਹਾਂ ਦੇ ਸੰਪਰਕ ਵਿਚ ਹਨ, ਜਿਹੜੇ ਛੇਤੀ ਹੀ ਉਨ੍ਹਾਂ ਨਾਲ ਆਉਣ ਦਾ ਐਲਾਨ ਕਰ ਦੇਣਗੇ। ਉਨ੍ਹਾਂ ਕਿਹਾ ਕਿ ਉਹ ਇਸੇ ਮਹੀਨੇ ਨਵੀਂ ਪਾਰਟੀ ਬਣਾਉਣ ਲਈ ਐਲਾਨ ਕਰ ਦੇਣਗੇ ਤੇ ਉਨ੍ਹਾਂ ਵਲੋਂ ਬਣਾਈ ਪਾਰਟੀ ਕਦੇ ਵੀ ਅਕਾਲੀ ਦਲ ਜਾਂ ਕਾਂਗਰਸ ਨਾਲ ਗੱਠਜੋੜ ਨਹੀਂ ਕਰੇਗੀ। ਫ਼ਸਲਾਂ ਦੇ ਘੱਟੋ ਘੱਟ ਸਮੱਰਥਨ ਮੁੱਲ ਬਾਰੇ ਉਨ੍ਹਾਂ ਕਿਹਾ ਕਿ ਇਸ ਬਾਰੇ ਕੇਂਦਰੀ ਮੰਤਰੀਆਂ ਦੇ ਵੱਖੋ ਵੱਖ ਬਿਆਨ ਆ ਰਹੇ ਹਨ, ਮੇਰੀ ਰਾਏ ਵਿੱਚ ਘੱਟੋ ਘੱਟ ਸਮਰਥਨ ਮੁੱਲ ਨਾਲ ਛੇੜਛਾੜ ਨਹੀਂ ਹੋਣੀ ਚਾਹੀਦੀ, ਕਿਉਂਜਿ ਜੇ ਇਹ ਘੱਟੋ-ਘੱਟ ਖਰੀਦ ਕੀਮਤ ਬੰਦ ਕੀਤੀ ਗਈ ਤੇ ਸਾਰੀ ਮੰਡੀ ਨੂੰ ਇਕ ਕੀਤਾ ਗਿਆ ਤਾਂ ਇਹ ਪੂਰੀ ਤਰ੍ਹਾਂ ਕਿਸਾਨ ਵਿਰੋਧੀ ਹੋਵੇਗਾ ਅਤੇ ਅਸੀਂ ਇਹੋ ਜਿਹੇ ਹਰ ਫ਼ੈਸਲੇ ਦਾ ਵਿਰੋਧ ਕਰਾਂਗੇ, ਜਿਸ ਨਾਲ ਕਿਸਾਨੀ ਦੇ ਹਿਤਾਂ ਦਾ ਨੁਕਸਾਨ ਹੋ ਸਕਦਾ ਹੋਵੇ। ਭਾਜਪਾ ਨਾਲ ਸਮਝੌਤੇ ਬਾਰੇ ਉਨ੍ਹਾ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਚੰਗੇ ਕੰਮ ਨੂੰ ਚੰਗਾ ਤੇ ਮਾੜੇ ਨੂੰ ਮਾੜਾ ਕਹਾਂਗੇ, ਪਰ ਭਵਿੱਖ ਵਿਚ ਕਿਸੇ ਨਾਲ ਸਮਝੌਤੇ ਬਾਰੇ ਹਾਲੇ ਕੁਝ ਨਹੀਂ ਕਹਿ ਸਕਦੇ, ਇਸ ਵੇਲੇ ਦਾ ਸਾਡਾ ਧਿਆਨ ਪਾਰਟੀ ਦੀ ਮਜ਼ਬੂਤੀ ਉੱਤੇ ਲੱਗਾ ਹੋਇਆ ਹੈ। ਉਨ੍ਹਾਂ ਕਿਹਾ ਕਿ ਨਵੀਂ ਬਣਨ ਵਾਲੀ ਪਾਰਟੀ ਲਈ ਪੰਜਾਬ ਦੇ ਹਿਤ ਸਭ ਤੋਂ ਪਹਿਲਾਂ ਹੋਣਗੇ।

## ਜ਼ਮੀਨੀ ਵਿਵਾਦ ਦੇ ਕਾਰਨ ਵੱਡੇ ਭਰਾ ਵੱਲੋਂ ਛੋਟੇ ਦਾ ਕਤਲ

ਚੋਹਲਾ ਸਾਹਿਬ, 21 ਜੂਨ (ਪੋਸਟ ਬਿਊਰੋ)- ਪਿੰਡ ਰੂੜੀਵਾਲਾ ਵਿਖੇ ਜ਼ਮੀਨੀ ਵਿਵਾਦ ਦੇ ਕਾਰਨ ਵੱਡੇ ਭਰਾ ਨੇ ਛੋਟੇ ਭਰਾ ਦਾ ਡਾਂਗਾਂ ਮਾਰ ਕੇ ਕਤਲ ਕਰ ਦਿੱਤਾ ਹੈ, ਜਿਸ ਬਾਰੇ ਪੁਲਸ ਜਾਂਚ ਕਰ ਰਹੀ ਹੈ।

ਥਾਣਾ ਮੁਖੀ ਸੋਨਮਦੀਪ ਕੌਰ ਨੇ ਦੱਸਿਆ ਕਿ ਮਾਰੇ ਗਏ ਮੇਜਰ ਸਿੰਘ (55) ਪੁੱਤਰ ਗੁਰਦੀਪ ਸਿੰਘ ਦਾ ਆਪਣੇ ਵੱਡੇ ਭਰਾ ਤਰਸੇਮ ਸਿੰਘ ਨਾਲ ਪਿਛਲੇ ਕੁਝ ਸਮੇਂ ਤੋਂ ਜ਼ਮੀਨ ਦਾ ਝਗੜਾ ਚੱਲ ਰਿਹਾ ਸੀ। ਕੱਲ੍ਹ ਦੁਪਹਿਰ ਮੇਜਰ ਸਿੰਘ ਆਪਣੇ ਖੇਤਾਂ ਵਿੱਚ ਟਰੈਕਟਰ ਨਾਲ ਜ਼ਮੀਨ ਵਾਹ ਰਿਹਾ ਸੀ ਤਾਂ ਉਸ ਦੇ ਵੱਡੇ ਭਰਾ ਤਰਸੇਮ ਸਿੰਘ ਨੇ ਆਪਣੇ ਕੁਝ ਹੋਰ ਸਾਥੀਆਂ ਸਮੇਤ ਡਾਂਗਾਂ ਸੋਟੇ ਤੇ ਕੁਝ ਹੋਰ ਮਾਰੂ ਹਥਿਆਰਾਂ ਨਾਲ ਲੈੱਸ ਹੋ ਕੇ ਟਰੈਕਟਰ ਨਾਲ ਪੈਲੀ ਵਾਹ ਰਹੇ ਆਪਣੇ ਭਰਾ ਤੇ ਹਮਲਾ ਕਰ ਦਿੱਤਾ, ਜਿਸ ਉੱਤੇ ਮੇਜਰ ਸਿੰਘ ਆਪਣੀ ਜਾਨ ਬਚਾਉਣ ਲਈ ਟਰੈਕਟਰ ਲੈ ਕੇ ਇਧਰ-ਉਧਰ ਦੌੜਿਆ, ਪਰ ਹਮਲਾਵਰਾਂ ਦੀ ਗਿਣਤੀ ਵੱਧ ਹੋਣ ਕਾਰਨ ਭੱਜ ਨਾ ਸਕਿਆ ਅਤੇ ਹਮਲਾਵਰਾਂ ਨੇ ਉਸ ਨੂੰ ਕੁੱਟ-ਕੁੱਟ ਕੇ ਬੇਹੋਸ਼ ਕਰ ਦਿੱਤਾ। ਪਿੰਡ ਵਾਸੀ ਅਤੇ ਪਰਿਵਾਰਕ ਮੈਂਬਰ ਉਸ ਨੂੰ ਤਰਨ ਤਾਰਨ ਦੇ ਇੱਕ ਨਿੱਜੀ ਹਸਪਤਾਲ ਵਿੱਚ ਲੈ ਕੇ ਗਏ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਮ੍ਰਿਤਕ ਦੀ ਪਤਨੀ ਨਸੀਬ ਕੌਰ ਅਤੇ ਭਰਜਾਈ ਨਰਿੰਦਰ ਕੌਰ ਦੇ ਬਿਆਨਾਂ 'ਤੇ ਥਾਣਾ ਚੋਹਲਾ ਸਾਹਿਬ ਵਿਖੇ ਕੇਸ ਦਰਜ ਕਰ ਲਿਆ ਗਿਆ ਹੈ।

# ਡੀ ਐਨ ਏ ਰਿਪੋਰਟ ਨਾਲ ਬੀਜ ਘਪਲਾ ਸਾਬਤ ਹੋ ਗਿਆ

* ਬਰਾੜ ਬੀਜ ਸਟੋਰ ਤੋਂ ਮਿਲੇ ਬੀਜਾਂ ਦੀ ਰਿਪੋਰਟ ਆਈ




ਚੰਡੀਗੜ੍ਹ, 21 ਜੂਨ (ਪੋਸਟ ਬਿਊਰੋ)- ਖੇਤੀ ਮਹਿਕਮੇ ਵੱਲੋਂ ਲੁਧਿਆਣਾ ਵਿੱਚੋਂ ਫੜੇ ਬੀਜਾਂ ਦੀ ਜੈਨੇਟਿਕ ਟੈਸਟ ਦੀ ਰਿਪੋਰਟ ਨਾਲ ਬੀਜ ਘਪਲਾ ਹੋਣਾ ਸਾਬਤ ਹੋ ਗਿਆ ਹੈ। ਬੀਜ ਨਮੂਨਿਆਂ ਦੀ ਡੀ ਐਨ ਏ ਰਿਪੋਰਟ 'ਚ ਸਾਬਿਤ ਹੋ ਗਿਆ ਹੈ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਹਮਣੇ ਬਰਾੜ ਬੀਜ ਸਟੋਰ ਤੋਂ ਯੂਨੀਵਰਸਿਟੀ ਵੱਲੋਂ ਜਾਰੀ ਝੋਨੇ ਦੀ ਨਵੀਂ ਕਿਸਮ ਪੀ ਆਰ 128 ਅਤੇ ਪੀ ਆਰ 129 ਦੇ ਬੀਜ ਅਣਧਿਕਾਰਤ ਤੌਰ 'ਤੇ ਵੇਚੇ ਜਾ ਰਹੇ ਸਨ।

ਕੱਲ੍ਹ ਏਥੇ ਪੀ ਏ ਯੂ ਨੇ ਖੇਤੀ ਮਹਿਕਮੇ ਨੂੰ ਨਮੂਨਿਆਂ ਦੀ ਜਾਂਚ ਰਿਪੋਰਟ ਦੇ ਦਿੱਤੀ ਹੈ ਕਿ ਇਹ ਬੀਜ 'ਵਰਸਿਟੀ ਵੱਲੋਂ ਜਾਰੀ ਪੀ ਆਰ 128 ਅਤੇ ਪੀ ਆਰ 129 ਨਾਲ ਬਿਲਕੁਲ ਮਿਲਦੇ ਹਨ। 'ਵਰਸਿਟੀ ਨੇ ਪਹਿਲੇ ਸਾਲ ਪਰਖ ਲਈ ਕਿਸਾਨਾਂ ਨੂੰ ਇਹ ਬੀਜ ਦਿੱਤਾ ਸੀ। ਤਿੰਨ ਸਾਲਾਂ ਪਿੱਛੋਂ ਕਾਨੂੰਨੀ ਤੌਰ 'ਤੇ ਇਹ ਬੀਜ ਮਾਰਕੀਟ ਵਿੱਚ ਆ ਸਕਦਾ ਸੀ। ਖੇਤੀ ਮਹਿਕਮੇ ਨੇ 11 ਮਈ ਨੂੰ ਬਰਾੜ ਸੀਡ ਸਟੋਰ 'ਤੇ ਛਾਪਾ ਮਾਰ ਕੇ ਨਵੀਆਂ ਕਿਸਮਾਂ ਦਾ ਬੀਜ ਫੜਿਆ ਸੀ। ਪੁਲਸ ਨੇ ਉਸੇ ਦਿਨ ਬਰਾੜ ਸੀਡ ਸਟੋਰ ਦੇ ਹਰਵਿੰਦਰ ਸਿੰਘ ਅਤੇ ਗੁਰਦਿਆਲ ਸਿੰਘ 'ਤੇ ਕੇਸ ਦਰਜ ਕਰ ਲਿਆ ਸੀ। ਇਹ ਮਾਮਲਾ ਸਿਆਸੀ ਤੌਰ 'ਤੇ ਭਖਿਆ ਤਾਂ ਪੰਜਾਬ ਸਰਕਾਰ ਨੇ ਵਿਸ਼ੇਸ਼ ਜਾਂਚ ਟੀਮ ਬਣਾ ਦਿੱਤੀ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਇਨ੍ਹਾਂ ਕਿਸਮਾਂ ਨੂੰ ਸਟੇਟ ਸੀਡ ਸਬ-ਕਮੇਟੀ ਤੇ ਕੇਂਦਰੀ ਕਮੇਟੀ ਨੇ ਸੀਡ ਐਕਟ ਦੀ ਧਾਰਾ ਛੇ ਹੇਠ ਅਜੇ ਤੱਕ ਨੋਟੀਫਾਈ ਨਹੀਂ ਕੀਤਾ ਸੀ। ਕੱਲ੍ਹ ਆਈ ਸੈਂਪਲ ਦੀ ਰਿਪੋਰਟ ਤੋਂ ਸਾਬਤ ਹੋ ਗਿਆ ਕਿ ਇਹ ਬੀਜ 'ਵਰਸਿਟੀ ਵੱਲੋਂ ਜਾਰੀ ਨਵੀਂ ਕਿਸਮ ਦੇ ਹੀ ਹਨ, ਜੋ ਅਣਅਧਿਕਾਰਤ ਤੌਰ 'ਤੇ ਵੇਚੇ ਜਾ ਰਹੇ ਸਨ। ਜਾਂਚ ਰੀਪੋਰਟ ਦੇ ਅਨੁਸਾਰ ਬਰਾੜ ਸੀਡ ਸਟੋਰ ਨੇ ਇਹ ਬੀਜ ਪਿੰਡ ਭੂੰਦੜੀ ਦੇ ਕਿਸਾਨ ਬਲਜਿੰਦਰ ਸਿੰਘ ਤੋਂ ਲਿਆ ਸੀ, ਜੋ ਖੇਤੀ 'ਵਰਸਿਟੀ ਦੇ ਫਾਰਮਰਜ਼ ਕਲੱਬ (ਸਪਨਾ) ਦਾ ਮੈਂਬਰ ਸੀ। ਬਲਜਿੰਦਰ ਸਿੰਘ ਨੇ ਮੰਨਿਆ ਕਿ ਉਸ ਨੂੰ ਪਰਖ ਲਈ ਇਹ ਬੀਜ ਦਿੱਤਾ ਗਿਆ ਸੀ। ਰਾਜਪੁਰਾ ਦੇ ਪਰਮਿੰਦਰ ਸਿੰਘ ਨੂੰ ਵੀ ਪਰਖ ਲਈ ਬੀਜ ਦਿੱਤਾ ਗਿਆ ਸੀ। ਇਨ੍ਹਾਂ ਤੋਂ ਕੁਝ ਬੀਜ ਕਰਨਾਲ ਐਗਰੀ ਸੀਡਜ਼ ਦੇ ਲੱਕੀ ਨੇ ਲਿਆ ਸੀ, ਜੋ ਵਿਕਰੀ ਲਈ ਬਰਾੜ ਸੀਡ ਸਟੋਰ 'ਤੇ ਪੁੱਜ ਗਿਆ। ਫੜੇ ਬੀਜਾਂ ਦੇ ਜਰਮੀਨੇਸ਼ਨ ਟੈਸਟ ਪਹਿਲਾਂ ਹੋ ਚੁੱਕੇ ਹਨ।

# ਸਹੁਰਿਆਂ ਵੱਲੋਂ ਜ਼ਲੀਲ ਕਰਨ ਉੱਤੇ ਜਵਾਈ ਵੱਲੋਂ ਖੁਦਕੁਸ਼ੀ



ਕੋਟਕਪੂਰਾ, 21 ਜੂਨ (ਪੋਸਟ ਬਿਊਰੋ)- ਨੇੜਲੇ ਪਿੰਡ ਮਚਾਕੀ ਕਲਾਂ 'ਚ ਸਹੁਰੇ ਪਰਵਾਰ ਦੀ ਕੁੱਟਮ-ਾਰ ਤੇ ਤਾਅਨੇ-ਮਿਹਣੇ ਦੇਣ ਅਤੇ ਜ਼ਲੀਲ ਕਰਨ ਕਰ ਕੇ ਇੱਕ ਨੌਜਵਾਨ ਵੱਲੋਂ ਖੁਦਕੁਸ਼ੀ ਕਰ ਲਈ ਹੈ। ਪੁਲਸ ਨੇ ਮ੍ਰਿਤਕ ਦੇ ਪਿਤਾ ਦੇ ਬਿਆਨਾਂ ਦੇ ਆਧਾਰ 'ਤੇ ਖੁਦਕੁਸ਼ੀ ਲਈ ਮਜਬੂਰ ਕਰਨ ਦੀਆਂ ਧਾਰਾਵਾਂ ਦਾ ਕੇਸ ਦਰਜ ਕਰ ਕੇ ਉਸ ਦੀ ਪਤਨੀ, ਸੱਸ ਅਤੇ ਸਹੁਰੇ ਸਮੇਤ ਛੇ ਜਣਿਆਂ ਨੂੰ ਗ੍ਰਿਫਤਾਰ ਕਰ ਲਿਆ ਹੈ।

ਮ੍ਰਿਤਕ ਨੌਜਵਾਨ ਦੇ ਪਿਤਾ ਦਲਬੀਰ ਸਿੰਘ ਨੇ ਦੱਸਿਆ ਕਿ ਉਸ ਦੇ ਬੇਟੇ ਕੁਲਵਿੰਦਰ ਸਿੰਘ (21) ਦਾ ਵਿਆਹ ਕਰੀਬ ਇੱਕ ਸਾਲ ਪਹਿਲਾਂ ਜਲੰਧਰ ਵਾਸੀ ਮਨੋਜ ਕੁਮਾਰ ਦੀ ਬੇਟੀ ਮੁਸਕਾਨ ਨਾਲ ਹੋਇਆ ਸੀ, ਉਸ ਕੋਲ ਇੱਕ ਢਾਈ ਮਹੀਨੇ ਦੀ ਬੱਚੀ ਵੀ ਹੈ, ਪਰ ਵਿਆਹ ਤੋਂ ਬਾਅਦ ਉਨ੍ਹਾਂ ਦਾ ਆਪੋ ਵਿੱਚ ਝਗੜਾ ਚੱਲ ਰਿਹਾ ਸੀ। ਇਸ ਕਾਰਨ ਕੁਲਵਿੰਦਰ ਦਾ ਸਹੁਰਾ ਪਰਵਾਰ ਉਨ੍ਹਾਂ ਘਰ ਆਇਆ ਅਤੇ ਉਨ੍ਹਾਂ ਕੁਲਵਿੰਦਰ ਤੇ ਉਸ ਦੇ ਪਿਤਾ ਦਲਬੀਰ ਸਿੰਘ ਦੀ ਕੁੱਟਮਾਰ ਕੀਤੀ, ਕੁਲਵਿੰਦਰ ਨੂੰ ਅਪਸ਼ਬਦ ਬੋਲੇ, ਜਿਸ ਕਾਰਨ ਬੇਇੱਜ਼ਤੀ ਮਹਿਸੂਸ ਕਰਦਿਆਂ ਕੁਲਵਿੰਦਰ ਨੇ ਘਰ ਵਿੱਚ ਪਈ ਕਣਕ 'ਚ ਪਾਉਣ ਵਾਲੀ ਜ਼ਹਿਰੀਲੀ ਦਵਾਈ ਖਾ ਲਈ, ਜਿਸ ਨਾਲ ਉਸ ਦੀ ਮੌਤ ਹੋ ਗਈ। ਪਿੰਡ ਦੇ ਸਰਪੰਚ ਗੁਰਸ਼ਵਿੰਦਰ ਸਿੰਘ ਮੁਤਾਬਕ ਇਸ ਕੇਸ ਵਿੱਚ ਪੰਚਾਇਤ ਨੇ ਦੋਵਾਂ ਪੱਖਾਂ ਨੂੰ ਸਮਝਾ ਕੇ ਮਾਮਲਾ ਹੱਲ ਕਰਾਉਣਾ ਚਾਹਿਆ, ਪਰ ਸਹੁਰੇ ਪਰਵਾਰ ਵੱਲੋਂ ਜ਼ਲੀਲ ਕਰਨ ਦੀ ਬੇਇੱਜ਼ਤੀ ਨਾ ਸਹਾਰਦਿਆਂ ਕੁਲਵਿੰਦਰ ਨੇ ਆਪਣੀ ਜਾਨ ਦੇ ਦਿੱਤੀ। ਸਤਵਿੰਦਰ ਸਿੰਘ ਵਿਰਕ ਡੀ ਐੱਸ ਪੀ ਮੁਤਾਬਕ ਮ੍ਰਿਤਕ ਦੀ ਪਤਨੀ, ਸੱਸ, ਸਹੁਰੇ ਸਮੇਤ ਛੇ ਮੁਲਜ਼ਮਾਂ ਨੂੰ ਕਾਬੂ ਕਰ ਲਿਆ ਹੈ।

## ਅਮਰੀਕਾ ਵਿੱਚ ਕਰੋੜਾਂ ਲੋਕ ਕਰਜ਼ੇ ਦੀਆਂ ਕਿਸ਼ਤਾਂ ਦਾ ਭੁਗਤਾਨ ਕਰਨ ਤੋਂ ਅਸਮਰਥ




ਨਿਊ ਯਾਰਕ, 21 ਜੂਨ (ਪੋਸਟ ਬਿਊਰੋ)- ਅਮਰੀਕਾ ਵਿੱਚ ਕਰੋੜਾਂ ਲੋਕ ਵੱਖ-ਵੱਖ ਤਰ੍ਹਾਂ ਲਏ ਕਰਜ਼ੇ ਦੀਆਂ ਕਿਸ਼ਤਾਂ ਦਾ ਭੁਗਤਾ ਕਰਨ ਤੋਂ ਖੁਦ ਨੂੰ ਅਸਮਰਥ ਮਹਿਸੂਸ ਕਰ ਰਹੇ ਹਨ।

ਕੋਰੋਨਾ ਵਾਇਰਸ ਕਾਰਨ ਅਮਰੀਕਾ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਦੀ ਆਰਥਕ ਹਾਲਤ ਖਰਾਬ ਹੋਈ ਹੈ। ਜਿਨ੍ਹਾਂ ਵਿਦਿਆਰਥੀਆਂ ਨੇ ਆਪਣੀ ਪੜ੍ਹਾਈ ਲਈ ਲੋਨ ਲਏ ਸਨ, ਉਹ ਇਸ ਦੀਆਂ ਕਿਸ਼ਤਾਂ ਦਾ ਭੁਗਤਾਨ ਕਰਨ ਵਿੱਚ ਬੇਵੱਸ ਹਨ। ਆਟੋ ਲੋਨ ਅਤੇ ਹੋਰ ਕਈ ਤਰ੍ਹਾਂ ਦੇ ਲੋਨ ਲੈਣ ਵਾਲੇ ਲੋਕ ਵੀ ਕਿਸ਼ਤਾਂ ਅਦਾ ਕਰਨ ਵਿੱਚ ਔਖ ਮਹਿਸੂਸ ਕਰਦੇ ਹਨ। ਇੱਕ ਅਨੁਮਾਨ ਮੁਤਾਬਕ ਇੱਕ ਮਾਰਚ ਤੋਂ ਬਾਅਦ ਇਨ੍ਹਾਂ ਲੋਕਾਂ ਦੀ ਗਿਣਤੀ ਵਧੀ ਹੈ। ਜਿੱਥੇ ਪਹਿਲਾਂ ਇਹ ਗਿਣਤੀ 100 ਮਿਲੀਅਨ ਦੇ ਲਗਭਗ ਸੀ, ਇਹ ਵਧ ਹੋ ਕੇ 106 ਮਿਲੀਅਨ ਹੋ ਗਈ ਹੈ। ਅਪ੍ਰੈਲ ਵਿੱਚ ਇਹ ਲੋਕ ਮੁਸ਼ਕਲ ਦੇ ਨਾਲ 35 ਮਿਲੀਅਨ ਸਨ ਅਤੇ ਅੱਜ ਕੱਲ੍ਹ ਇਸ ਵਿੱਚ ਤਿੰਨ ਗੁਣਾ ਵਾਧਾ ਹੋ ਗਿਆ ਹੈ।

ਇੱਕ ਕ੍ਰੈਡਿਟ ਰਿਪੋਰਟਿੰਗ ਫਰਮ ਟਰਾਂਸ ਯੂਨੀਅਨ ਮੁਤਾਬਕ ਸਭ ਤੋਂ ਵੱਧ ਮੁਸ਼ਕਲ ਵਿਦਿਆਰਥੀਆਂ ਨੂੰ ਆ ਰਹੀ ਹੈ, ਜਿਨ੍ਹਾਂ ਨੇ ਆਪਣੀ ਪੜ੍ਹਾਈ ਦਾ ਲੋਨ ਲਿਆ ਸੀ। ਇਸ ਸਮੇਂ 79 ਮਿਲੀਅਨ ਵਿਦਿਆਰਥੀਆਂ ਵੱਲੋਂ ਲੋਨ ਦੀ ਅਦਾਇਗੀ ਕਰਨ ਵਿੱਚ ਮੁਸ਼ਕਲ ਮਹਿਸੂਸ ਕੀਤੀ ਜਾ ਰਹੀ ਹੈ। ਦੋ ਮਹੀਨੇ ਪਹਿਲਾਂ ਅਜਿਹੇ ਵਿਦਿਆਰਥੀਆਂ ਦੀ ਗਿਣਤੀ ਸਿਰਫ 18 ਮਿਲੀਅਨ ਸੀ। ਆਟੋ ਲੋਨ ਦੇ ਖੇਤਰਾਂ 'ਚ ਵੀ ਉਨ੍ਹਾਂ ਲੋਕਾਂ ਦੀ ਗਿਣਤੀ ਬਹੁਤ ਵਧੀ ਹੈ, ਜੋ ਕਰਜ਼ੇ ਦੀ ਕਿਸ਼ਤ ਦੇਣ ਵਿੱਚ ਮੁਸ਼ਕਲ ਮਹਿਸੂਸ ਕਰਦੇ ਹਨ। ਦੋ ਮਹੀਨੇ ਪਹਿਲਾਂ ਅਜਿਹੇ ਲੋਕਾਂ ਦੀ ਗਿਣਤੀ 1.3 ਮਿਲੀਅਨ ਸੀ, ਉਹ ਵਧ ਕੇ 7.3 ਮਿਲੀਅਨ ਹੋ ਗਈ ਹੈ। ਇਨ੍ਹਾਂ ਲੋਕਾਂ ਦੀ ਗਿਣਤੀ 'ਚ ਵਾਧੇ ਤੋਂ ਬਾਅਦ ਅਮਰੀਕਾ ਦੀਆਂ ਵੱਖ-ਵੱਖ ਕੰਪਨੀਆਂ 'ਤੇ ਲੋਕਾਂ ਨੂੰ ਰਾਹਤ ਦੇਣ ਲਈ ਦਬਾਅ ਵਧ ਰਿਹਾ ਹੈ। ਕੁਝ ਕੇਸਾਂ ਵਿੱਚ ਸਰਕਾਰ ਨੇ ਕੰਪਨੀਆਂ ਨੂੰ ਇਹ ਹਦਾਇਤਾਂ ਕੀਤੀਆਂ ਹਨ ਕਿ ਉਹ ਆਪਣੇ ਕਰਜ਼ਦਾਰਾਂ ਦੀਆਂ ਕਿਸ਼ਤਾਂ ਅੱਗੇ ਪਾ ਦੇਣ। ਇਸ ਬਾਰੇ ਮਾਰਚ ਵਿੱਚ ਇੱਕ ਪੈਕੇਜ 'ਤੇ ਸਮਝੌਤਾ ਵੀ ਹੋਇਆ ਸੀ। ਉਦੋਂ ਇਹ ਯੋਜਨਾ ਬਣੀ ਸੀ ਕਿ ਤੀਹ ਸਤੰਬਰ ਤੱਕ ਲੋਕਾਂ ਕੋਲੋਂ ਲਏ ਹੋਏ ਲੋਨ ਦੀਆਂ ਕਿਸ਼ਤਾਂ ਨਾ ਲਈਆਂ ਜਾਣ। ਵਿਦਿਆਰਥੀਆਂ ਨੂੰ ਇਸ ਸੰਬੰਧੀ ਵਿਸ਼ੇਸ਼ ਰਾਹਤ ਦੇਣ ਦੀ ਯੋਜਨਾ ਬਣੀ ਸੀ। ਅਜੇ ਵੀ ਕੋਰੋਨਾ ਵਾਇਰਸ ਦੀ ਦਹਿਸ਼ਤ ਜਾਰੀ ਰਹਿਣ ਕਾਰਨ ਇਸ ਸਮੇਂ ਨੂੰ ਹੋਰ ਅੱਗੇ ਵਧਾਏ ਜਾਣ ਦੀ ਮੰਗ ਹੋ ਰਹੀ ਹੈ।

## ਮੁੰਬਈ ਹਮਲੇ ਦਾ ਸਾਜ਼ਿਸ਼ ਕਰਤਾ ਤਹੱਵੁਰ ਹੁਸੈਨ ਰਾਣਾ ਅਮਰੀਕਾ ਵਿਚ ਰਿਹਾਈ ਪਿੱਛੋਂ ਗ੍ਰਿਫਤਾਰ

### * ਭਾਰਤ ਵੱਲੋਂ ਹਵਾਲਗੀ ਦੀ ਮੰਗ ਕਾਰਨ ਦੋਬਾਰਾ ਗ੍ਰਿਫਤਾਰੀ



ਲਾਸ ਏਂਜਲਸ, 21 ਜੂਨ, (ਪੋਸਟ ਬਿਊਰੋ)- ਸਾਲ 2008 ਵਿੱਚ ਮੁੰਬਈ ਵਿੱਚ ਹੋਏ ਸਭ ਤੋਂ ਵੱਡੇ ਅੱਤਵਾਦੀ ਹਮਲੇ ਦੀ ਸਾਜਿਸ਼ ਰਚਣ ਦੇ ਦੋਸ਼ੀ ਅਤੇ ਅਮਰੀਕਾ ਵਿੱਚ ਇੱਕ ਹੋਰ ਕੇਸ ਵਿੱਚ ਸਜ਼ਾ ਕੱਟ ਚੁੱਕੇ ਅੱਤਵਾਦੀ ਰਾਣਾ ਨੂੰ ਅੱਜ ਅਮਰੀਕਾ ਦੇ ਲਾਸ ਏਂਜਲਸ ਵਿਚ ਦੋਬਾਰਾ ਗ੍ਰਿਫਤਾਰ ਕਰ ਲਿਆ ਗਿਆ ਹੈ। ਪਾਕਿਸਤਾਨੀ ਮੂਲ ਦੇ ਕੈਨੇਡੀਅਨ ਨਾਗਰਿਕ ਰਾਣਾ ਦੇ ਖ਼ਿਲਾਫ਼ ਭਾਰਤ ਨੂੰ ਹਵਾਲਗੀ ਕਰਨ ਦਾ ਕੇਸ ਵਿਚਾਰ ਅਧੀਨ ਹੈ।

ਇਸ ਬਾਰੇ ਦੱਸਿਆ ਗਿਆ ਹੈ ਕਿ ਉਹ ਦੋ ਦਿਨ ਪਹਿਲਾਂ ਜੇਲ੍ਹ ਤੋਂ ਛੁੱਟਿਆ ਸੀ, ਪਰ ਅਮਰੀਕੀ ਪ੍ਰਸ਼ਾਸਨ ਨੇ ਉਸ ਨੂੰ ਫਿਰ ਗ੍ਰਿਫਤਾਰ ਕਰ ਲਿਆ ਹੈ। ਭਾਰਤ ਸਰਕਾਰ ਇਸ ਵੇਲੇ ਟਰੰਪ ਸਰਕਾਰ ਦੇ 'ਪੂਰਨ ਸਹਿਯੋਗ' ਨਾਲ ਪਾਕਿਸਤਾਨੀ ਮੂਲ ਦੇ ਇਸ ਕੈਨੇਡੀਅਨ ਨਾਗਰਿਕ ਦੀ ਹਵਾਲਗੀ ਲਈ ਕਾਰਵਾਈ ਕਰ ਰਹੀ ਹੈ। ਇੱਕ ਹੋਰ ਕੇਸ ਵਿੱਚ ਹੋਈ 14 ਸਾਲ ਕੈਦ ਦੀ ਸਜ਼ਾ ਭੁਗਤਣ ਪਿੱਛੋਂ ਤਹੱਵੁਰ ਰਾਣਾ ਦਸੰਬਰ 2021 ਵਿਚ ਸਜ਼ਾ ਪੂਰੀ ਕਰਨ ਦੇ ਬਾਅਦ ਛੁੱਟਣ ਵਾਲਾ ਸੀ, ਪਰ ਉਸ ਨੂੰ ਕੋਰੋਨਾ ਵਾਇਰਸ ਦੇ ਕਾਰਨ ਛੇਤੀ ਰਿਹਾ ਕਰ ਦਿੱਤਾ ਗਿਆ ਸੀ।

ਤਹੱਵੁਰ ਹੁਸੈਨ ਰਾਣਾ ਨੂੰ ਸਾਲ 2008 ਵਿੱਚ ਮੁੰਬਈ ਵਿੱਚ ਹੋਏ ਦਹਿਸ਼ਤਗਰਦ ਹਮਲੇ ਦੀ ਸਾਜਿਸ਼ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਸੀ। ਲਸ਼ਕਰ-ਏ-ਤੋਇਬਾ ਦੇ 10 ਅੱਤਵਾਦੀਆਂ ਵਲੋਂ ਕੀਤੇ ਗਏ ਇਸ ਹਮਲੇ ਦੌਰਾਨ ਅਮਰੀਕੀ ਨਾਗਰਿਕਾਂ ਸਮੇਤ ਲਗਪਗ 166 ਲੋਕ ਮਾਰੇ ਗਏ ਸਨ ਅਤੇ ਪੁਲਿਸ ਨੇ 9 ਅੱਤਵਾਦੀਆਂ ਨੂੰ ਮੌਕੇ ਉੱਤੇ ਮਾਰ ਦਿੱਤਾ ਸੀ ਤੇ ਜਿੰਦਾ ਗ੍ਰਿਫਤਾਰ ਕੀਤੇ ਇੱਕ ਅੱਤਵਾਦੀ ਅਜਮਲ ਕਸਾਬ ਨੂੰ ਬਾਅਦ ਵਿੱਚ ਫਾਂਸੀ ਦੇ ਦਿੱਤੀ ਗਈ ਸੀ। ਤਹੱਵੁਰ ਰਾਣਾ ਨੂੰ 2013 ਵਿੱਚ ਇੱਕ ਹੋਰ ਅੱਤਵਾਦੀ ਕੇਸ ਵਿੱਚ 14 ਸਾਲ ਦੀ ਸਜ਼ਾ ਹੋਈ ਸੀ। ਉਸ ਦੀ ਭਾਰਤ ਨੂੰ ਹਵਾਲਗੀ ਕਰਨ ਲਈ ਲੋੜੀਂਦੇ ਕਾਗਜ਼ਾਤ ਅਤੇ ਗੁੰਝਲਦਾਰ ਪ੍ਰਕਿਰਿਆ ਨੂੰ ਪੂਰਾ ਕਰਨ ਵਿੱਚ ਅਜੇ ਸਮਾਂ ਲੱਗ ਸਕਦਾ ਹੈ।

## ਪਾਕਿਸਤਾਨ ਦੇ ਸਾਬਕਾ ਮੰਤਰੀ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਲੁਟੇਰਾ ਕਿਹਾ

ਲਾਹੌਰ, 21 ਜੂਨ (ਪੋਸਟ ਬਿਊਰੋ)- ਪਾਕਿਸਤਾਨ ਦੀ ਪਿਛਲੀ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ ਐਮ ਐਲ ਐਨ) ਸਰਕਾਰ ਦੇ ਸਾਬਕਾ ਰੇਲਵੇ ਮੰਤਰੀ ਖ਼ਵਾਜਾ ਸਾਦ ਰਫ਼ੀਕ ਵੱਲੋਂ ਮਹਾਰਾਜਾ ਰਣਜੀਤ ਸਿੰਘ ਨੂੰ ਲੁਟੇਰਾ ਅਤੇ ਅੱਯਾਸ਼ ਹੁਕਮਰਾਨ ਕਹੇ ਜਾਣ 'ਤੇ ਸਿੱਖ ਭਾਈਚਾਰੇ ਨੇ ਭਾਰੀ ਰੋਸ ਜਤਾਇਆ ਹੈ। ਖ਼ਵਾਜਾ ਸਾਦ ਨੇ ਟਵਿੱਟਰ ਉਤੇ ਮਹਾਰਾਜਾ ਰਣਜੀਤ ਸਿੰਘ ਨੂੰ ਅੱਯਾਸ਼, ਡਾਕੂ ਤੇ ਲੁਟੇਰਾ ਹੁਕਮਨਾਮਾ ਕਹਿੰਦੇ ਹੋਏ ਦੋਸ਼ ਲਾਇਆ ਕਿ ਮਹਾਰਾਜਾ ਨੇ ਮਸਜਿਦਾਂ, ਮਕਬਰਿਆਂ, ਸੂਫ਼ੀ ਦਰਬਾਰਾਂ 'ਚ ਲੁੱਟ-ਖਸੁੱਟ ਕਰਕੇ ਉਨ੍ਹਾਂ ਨੂੰ ਢਾਹ ਦਿੱਤਾ ਅਤੇ ਕਈ ਮੁਸਲਮਾਨਾਂ ਦਾ ਜ਼ਬਰਦਸਤੀ ਧਰਮ ਪਰਿਵਰਤਨ ਕਰਵਾਇਆ ਸੀ। ਉਨ੍ਹਾਂ ਨੇ ਇਸ ਤੋਂ ਇਲਾਵਾ ਵੀ ਸ਼ੇਰ-ਏ-ਪੰਜਾਬ ਬਾਰੇ ਨਿੰਦਣਯੋਗ ਸ਼ਬਦਵਾਲੀ ਵਰਤੀ ਹੈ।

ਇਸ ਦੇ ਬਾਅਦ ਪਾਕਿਸਤਾਨ ਦੇ ਸਿੱਖ ਭਾਈਚਾਰੇ ਨੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਅਤੇ ਪੀ ਐਮ ਐਲ ਐਨ ਦੇ ਮੁਖੀ ਸ਼ਾਹਬਾਜ਼ ਸ਼ਰੀਫ਼ ਤੋਂ ਮੰਗ ਕੀਤੀ ਹੈ ਕਿ ਧਰਮ ਨਿਰਪੱਖ ਸਿੱਖ ਮਹਾਰਾਜਾ ਦੀ ਜਨਤਕ ਬਦਨਾਮੀ ਕਰਨ ਕਰ ਕੇ ਖ਼ਵਾਜਾ ਸਾਦ ਰਫ਼ੀਕ ਵਿਰੁੱਧ ਕੁਫ਼ਰ ਕਾਨੂੰਨ ਹੇਠ ਕਾਰਵਾਈ ਕੀਤੀ ਜਾਵੇ ਤਾਂ ਕਿ ਫਿਰ ਕੋਈ ਇਸ ਤਰ੍ਹਾਂ ਦੀ ਜੁਰਅਤ ਨਾ ਕਰ ਸਕੇ। ਲਾਹੌਰ ਦੇ ਵਿਸ਼ਵ ਪ੍ਰਸਿੱਧ ਸ਼ਾਹੀ ਕਿਲ੍ਹੇ ਵਿਚਲੀ ਸਿੱਖ ਗੈਲਰੀ ਦੇ ਕਿਊਰੇਟਰ ਅੰਜੁਮ ਦਾਰਾ ਨੇ ਕਿਹਾ ਕਿ ਸੰਨ 1860 ਤੋਂ ਅੱਜ ਤੱਕ ਲਾਹੌਰ ਦੇ ਮੁਗ਼ਲ ਸਮਾਰਕਾਂ ਬਾਰੇ ਲਿਖਣ ਵਾਲੇ ਲਗੱਭਗ ਸਾਰੇ ਅੰਗਰੇਜ਼ ਤੇ ਮੁਸਲਮਾਨ ਲਿਖਾਰੀਆਂ ਵੱਲੋਂ ਦਾਅਵਾ ਕੀਤਾ ਜਾਂਦਾ ਰਿਹਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਦੇ ਮੁਗ਼ਲ ਸਮਾਰਕਾਂ ਅਤੇ ਮਕਬਰਿਆਂ ਤੋਂ ਸੰਗਮਰਮਰ ਉਤਰਵਾ ਕੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ 'ਚ ਲਾਇਆ ਸੀ, ਪਰ ਸਚਾਈ ਇਹ ਹੈ ਕਿ ਉਨ੍ਹਾ ਦੇ ਰਾਜ 'ਚ ਲਾਹੌਰ ਦੇ ਮੁਗ਼ਲ ਸਮਾਰਕਾਂ ਦਾ ਕਿਸੇ ਤਰ੍ਹਾਂ ਦਾ ਕੋਈ ਨੁਕਸਾਨ ਨਹੀਂ ਕੀਤਾ ਗਿਆ।

## ਸਾਬਕਾ ਐੱਨ ਐੱਸ ਏ ਬੋਲਟਨ ਦੀ ਕਿਤਾਬ ਰੋਕਣ ਲਈ ਟਰੰਪ ਦੇ ਵਕੀਲ ਅਦਾਲਤ ਪੁੱਜੇ



ਵਾਸ਼ਿੰਗਟਨ, 21 ਜੂਨ, (ਪੋਸਟ ਬਿਊਰੋ)- ਟਰੰਪ ਸਰਕਾਰ ਦੇ ਵਕੀਲਾਂ ਨੇ ਅਮਰੀਕਾ ਦੇ ਸਾਬਕਾ ਨੈਸ਼ਨਲ ਸਕਿਓਰਟੀ ਐਡਵਾਈਜ਼ਰ (ਐੱਨ ਐੱਸ ਏ) ਜੌਹਨ ਬੋਲਟਨ ਦੀ ਕਿਤਾਬ ਦੀ ਰਿਲੀਜ਼ ਰੋਕਣ ਲਈ ਅਦਾਲਤ ਨੂੰ ਅਪੀਲ ਕਰ ਦਿੱਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਬੋਲਟਨ ਨੇ ਅੰਤਿਮ ਮਨਜ਼ੂਰੀ ਬਿਨਾਂ ਕਿਤਾਬ ਰਿਲੀਜ਼ ਕਰਨ ਦੇ ਫ਼ੈਸਲੇ ਨਾਲ ਖੁਦ ਪਰੇਸ਼ਾਨੀ ਖੜ੍ਹੀ ਕਰ ਲਈ ਹੈ। ਉਨ੍ਹਾਂ ਨੇ ਇਹ ਮਨਜ਼ੂਰੀ ਨਹੀਂ ਲਈ ਕਿ ਕਿਤਾਬ ਵਿਚ ਗੁਪਤ ਸੂਚਨਾਵਾਂ ਨਹੀਂ ਹਨ।

ਦੂਸਰੇ ਪਾਸੇ ਜੌਹਨ ਬੋਲਟਨ ਦੇ ਵਕੀਲ ਨੇ ਸਰਕਾਰ ਦੀ ਅਪੀਲ ਨੂੰ ਗ਼ੈਰ-ਹਕੀਕੀ ਅਤੇ ਗ਼ੈਰ-ਜ਼ਰੂਰੀ ਕਿਹਾ ਹੈ, ਖਾਸ ਕਰ ਕੇ ਇਸ ਲਈ ਕਿ ਜਦੋਂ ਕਿਤਾਬ ਦੀਆਂ ਕਾਪੀਆਂ ਪਹਿਲਾਂ ਹੀ ਪ੍ਰਮੁੱਖ ਮੀਡੀਆ ਅਦਾਰਿਆਂ ਨੂੰ ਜਾ ਚੁੱਕੀਆਂ ਹਨ ਅਤੇ ਇਹ ਕਾਫ਼ੀ ਚਰਚਾ ਵਿਚ ਆ ਚੁੱਕੀਆਂ ਹਨ। ਅਮਰੀਕਾ ਦੇ ਡਿਸਟ੍ਰਿਕਟ ਜੱਜ ਰਾਈਸ ਲੈਮਵਰਥ ਨੇ ਖੜੇ ਪੈਰ ਫ਼ੈਸਲਾ ਸੁਣਾਉਣ ਤੋਂ ਇਨਕਾਰ ਕਰਦੇ ਹੋਏ ਕੇਸ ਬਾਰੇ ਕੁਝ ਹੋਰ ਜਾਣਕਾਰੀਆਂ ਮੰਗੀਆਂ ਹਨ। ਨਿਆਂ ਵਿਭਾਗ ਨੇ 'ਦ ਰੂਮ ਵੇਅਰ ਇਟ ਹੈਪਨਡ' ਕਿਤਾਬ ਦੀ ਅਗਲੇ ਹਫ਼ਤੇ ਹੋਣ ਵਾਲੀ ਰਿਲੀਜ਼ ਉੱਤੇ ਰੋਕ ਲਾਉਣ ਲਈ ਕੇਸ ਦਾਇਰ ਕੀਤਾ ਹੈ। ਵਿਭਾਗ ਦੀ ਦਲੀਲ ਹੈ ਕਿ ਇਸ ਕਿਤਾਬ ਵਿਚ ਗੁਪਤ ਸੂਚਨਾਵਾਂ ਹਨ, ਜਿਸ ਨਾਲ ਦੇਸ਼ ਦੀ ਸੁਰੱਖਿਆ ਨੂੰ ਨੁਕਸਾਨ ਹੋ ਸਕਦਾ ਹੈ ਅਤੇ ਬੋਲਟਨ ਨੇ ਇਸ ਕਿਤਾਬ ਨੂੰ ਛਾਪਣ ਤੋਂ ਪਹਿਲਾਂ ਦੀ ਸਮੀਖਿਆ ਪ੍ਰਕਿਰਿਆ ਪੂਰੀ ਨਹੀਂ ਕੀਤੀ।

ਵਰਨਣ ਯੋਗ ਹੈ ਕਿ ਜੌਹਨ ਬੋਲਟਨ ਨੇ ਆਪਣੀ ਕਿਤਾਬ ਵਿਚ ਦਾਅਵਾ ਕੀਤਾ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚੋਣ ਜਿੱਤਣ ਲਈ ਚੀਨੀ ਰਾਸ਼ਟਰਪਤੀ ਤੋਂ ਮਦਦ ਮੰਗੀ ਸੀ। ਏਨੀ ਨਹੀਂ, ਉਨ੍ਹਾਂ ਨੇ ਚੀਨੀ ਆਗੂਆਂ ਦੇ ਖ਼ਿਲਾਫ਼ ਅਪਰਾਧਿਕ ਜਾਂਚ ਵੀ ਰੋਕਣ ਦਾ ਲਾਲਚ ਦਿੱਤਾ ਸੀ। ਟਰੰਪ ਨੇ ਕਿਤਾਬ ਨੂੰ ਝੂਠ ਦਾ ਪੁਲੰਦਾ ਕਰਾਰ ਦਿੱਤਾ ਹੈ ਅਤੇ ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਵੀ ਕਿਤਾਬ ਵਿਚ ਦਿੱਤੀਆਂ ਜਾਣਕਾਰੀਆਂ ਦਾ ਖੰਡਨ ਕੀਤਾ ਹੈ।

Steinmetz & Associates
PERSONAL INJURY LAWYERS

Harry Steinmetz
Certified as Specialist by the Law Society of Ontario in Civil Litigation
(with over 27yrs. of experience)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

BOBBY SIDHU
partner
(Serving the Community for Over 16 yrs.)

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

NEED A LAWYER ??
Red Seal NOTARY
KAUR LAW OFFICE

MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8

FOR SALE
$369,900
2645 KIPLING AVE
ਬਹੁਤ ਹੀ ਵਧੀਆ ਲੋਕੇਸ਼ਨ ਤੇ 2 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ, ਸਾਰਾ ਘਰ ਰੈਨੋਵੇਟਡ, ਬਹੁਤ ਸਾਰੀ ਸਟੋਰੇਜ ਲਈ ਥਾਂ, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਸੁਨਹਿਰੀ ਮੌਕਾ ਹੈ। ਬਹੁਤ ਸਾਰੀ ਬਾਹਰੋ ਰੋਸ਼ਨੀ ਘਰ ਦੇ ਅੰਦਰ ਆਉਂਦੀ ਹੈ। ਬਹੁਤ ਹੀ ਚੰਗੀ ਤਰ੍ਹਾਂ ਮੈਨਟੇਨ ਕੀਤਾ ਘਰ ਹੈ। ਬਸ ਸਟਾਪ, ਏਅਰਪੋਰਟ, ਸਕੂਲ ,ਹਾਈਵੇ ਆਦਿ ਸਹੂਲਤਾਂ ਦੇ ਨੇੜੇ ਹੈ।

FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।

SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।

# ਫਿਲਮੀ ਦੁਨੀਆ


## ਐਕਸ਼ਨ ਤੇ ਕਟ ਵਿਚਾਲੇ ਮੈਂ ਸਿਰਫ ਐਕਟਰ ਹੁੰਦਾ ਹਾਂ : ਅਭਿਸ਼ੇਕ ਬੈਨਰਜੀ



ਵੈੱਬ ਸੀਰੀਜ਼ ਇੱਕ ਅਜਿਹਾ ਪਲੇਟਫਾਰਮ ਬਣਦਾ ਜਾਂਦਾ ਹੈ, ਜੋ ਉਨ੍ਹਾਂ ਚਿਹਰਿਆਂ ਨੂੰ ਉਹ ਮੁਕਾਮ ਦੇ ਰਿਹਾ ਹੈ, ਜੋ ਫਿਲਮੀ ਪਰਦੇ 'ਤੇ ਕਿਤੇ ਗੁਆਚ ਜਾਂਦੇ ਸਨ। ‘ਪਾਤਾਲ ਲੋਕ’ ਵੈੱਬ ਸੀਰੀਜ਼ ਨਾਲ ਚਰਚਾ ਵਿੱਚ ਆਏ ਅਭਿਸ਼ੇਕ ਬੈਨਰਜੀ ਅਭਿਨੇਤਾ ਹੋਣ ਦੇ ਨਾਲ ਕਾਸਟਿੰਗ ਡਾਇਰੈਕਟਰ ਵੀ ਹਨ। ‘ਮਿਰਜਾ-ਪੁਰ’ ਵੈੱਬ ਸੀਰੀਜ਼ ਅਤੇ ‘ਇਸਤਰੀ’, ‘ਡ੍ਰੀਮਗਰਲ’ ਵਰਗੀਆਂ ਫਿਲਮਾਂ ਵਿੱਚ ਕੰਮ ਕਰ ਚੁੱਕੇ ਅਭਿਸ਼ੇਕ ਦਾ ਕਹਿਣਾ ਹੈ ਕਿ ਭਾਵੇਂ ਉਹ ਕਾਸਟਿੰਗ ਡਾਇਰੈਕਟਰ ਹਨ ਤੇ ਬਹੁਤਾ ਸਮਾਂ ਸਿਰਫ ਕਲਾਕਾਰਾਂ ਅਤੇ ਕਿਰਦਾਰਾਂ ਨੂੰ ਲੱਭਣ ਵਿੱਚ ਬਿਤਾਉਂਦੇ ਹਨ, ਪਰ ਜਦ ਉਹ ਕੈਮਰੇ 'ਤੇ ਹੋਣ ਤਾਂ ਐਕਸ਼ਨ ਤੋਂ ਕੱਟ ਦੇ ਵਿਚਾਲੇ ਸਿਰਫ ਅਤੇ ਸਿਰਫ ਐਕਟਰ ਹੀ ਰਹਿੰਦੇ ਹਨ।


ਅਭਿਸ਼ੇਕ ਦਾ ਕਹਿਣਾ ਹੈ ਕਿ ‘‘ਜਦ ਤੱਕ ਮੈਂ ਸ਼ਾਟ ਵਿੱਚ ਰਹਿੰਦਾ ਹਾਂ, ਤਦ ਤੱਕ ਸਿਰਫ ਐਕਟਰ ਹੁੰਦਾ ਹਾਂ। ਕੱਟ ਦੇ ਬਾਅਦ ਕਾਸਟਿੰਗ ਡਾਇਰੈਕਟਰ ਬਣ ਜਾਂਦਾ ਹਾਂ ਤੇ ਆਪਣੇ ਆਸਪਾਸ ਫਿਰ ਕਿਰਦਾਰ ਲੱਭਣ ਲੱਗਦਾ ਹਾਂ।’’ ਅਭਿਸ਼ੇਕ ਇਸ ਗੱਲ ਤੋਂ ਕਾਫੀ ਉਤਸ਼ਾਹਤ ਹਨ ਕਿ ਉਨ੍ਹਾਂ ਦੀ ਪ੍ਰਤਿਭਾ ਨੂੰ ਇੰਡਸਟਰੀ ਦੇ ਲੋਕਾਂ ਨੇ ਸਮਝਿਆ ਤੇ ਉਨ੍ਹਾਂ ਨੂੰ ਏਦਾਂ ਦੇ ਕਿਰਦਾਰ ਆਫਰ ਕੀਤੇ ਜਾ ਰਹੇ ਹਨ, ਜੋ ਉਨ੍ਹਾਂ ਦੇ ਵਿਅਕਤੀਤਵ ਨਾਲ ਬਿਲਕੁਲ ਮੇਲ ਨਹੀਂ ਖਾਂਦੇ। ਜ਼ਿਆਦਾਤਰ ਛੋਟੇ ਸ਼ਹਿਰਾਂ ਵਾਲੇ ਕਿਰਦਾਰ ਨਿਭਾ ਚੁੱਕੇ ਅਭਿਸ਼ੇਕ ਕਹਿੰਦੇ ਹਨ ਕਿ ਮੈਨੂੰ ਮਿਲੇ ਕਿਰਦਾਰ ਜ਼ਿੰਦਗੀ ਜਿਊਣਾ ਸਿਖਾਉਂਦੇ ਹਨ। ਮੈਂ ਛੋਟੇ ਸ਼ਹਿਰਾਂ ਵਿੱਚ ਕਦੇ ਰਿਹਾ ਨਹੀਂ। ਮੁੰਬਈ, ਦਿੱਲੀ, ਚੇਨਈ ਵਿੱਚ ਰਿਹਾ ਹਾਂ। ਛੋਟੇ ਸ਼ਹਿਰਾਂ ਬਾਰੇ ਜਾਣਕਾਰੀ ਬਹੁਤ ਘੱਟ ਹੈ, ਪਰ ਇਨ੍ਹਾਂ ਕਿਰਦਾਰਾਂ ਨਾਲ ਜ਼ਿੰਦਗੀ ਜਿਊਣ ਦਾ ਮੌਕਾ ਮਿਲਦਾ ਹੈ, ਜੋ ਮੈਨੂੰ ਇੱਕ ਵਿਅਕਤੀ ਦੇ ਤੌਰ 'ਤੇ ਆਪਣੇ ਆਸਪਾਸ ਦੀਆਂ ਥਾਵਾਂ ਅਤੇ ਉਥੋਂ ਦੀ ਖਾਸੀਅਤ ਬਾਰੇ ਜਾਗਰੂਕ ਕਰਦਾ ਹੈ। ਆਪਣੇ ਨਿਭਾਏ ਕਿਰਦਾਰਾਂ ਨੂੰ ਮੈਂ ਆਪਣੇ ਕੋਲ ਰੱਖਿਆ ਹੈ, ਜਦ ਮੈਨੂੰ ਕੁਝ ਸਵਾਲਾਂ ਦੇ ਜਵਾਬ ਆਪਣੀ ਜ਼ਿੰਦਗੀ ਵਿੱਚ ਨਹੀਂ ਮਿਲਦੇ ਤਾਂ ਮੈਂ ਉਨ੍ਹਾਂ ਕਿਰਦਾਰਾਂ ਵਿੱਚ ਉਹ ਜਵਾਬ ਲੱਭ ਲੈਂਦਾ ਹਾਂ।’’

## ਖਲਨਾਇਕਾਂ ਦਾ ਰੂਪ ਬਿਲਕੁਲ ਬਦਲ ਗਿਆ ਹੈ : ਮੁਕੇਸ਼ ਰਿਸ਼ੀ



‘ਪੁਕਾਰ’, ‘ਸੂਰਿਆਵੰਸ਼ਮ’ ਅਤੇ ‘ਇੰਡੀਅਨ ‘ਸਮੇਤ ਅਨੇਕ ਫਿਲਮਾਂ ਵਿੱਚ ਖਲਨਾਇਕਾਂ ਦਾ ਕਿਰਦਾਰ ਕਰ ਚੁੱਕੇ ਅਭਿਨੇਤਾ ਮੁਕੇਸ਼ ਰਿਸ਼ੀ ਦਾ ਮੰਨਣਾ ਹੈ ਕਿ ਅੱਜਕੱਲ੍ਹ ਸਿਨੇਮਾ ਤੋਂ ਖਲਨਾਇਕਾਂ ਦਾ ਰੂਪ ਬਿਲਕੁਲ ਬਦਲ ਗਿਆ ਹੈ। ਮੁਕੇਸ਼ ਕਹਿੰਦੇ ਹਨ, ‘‘ਸਿਨੇਮਾ ਦੇ ਸ਼ੁਰੂ ਵਾਲੇ ਦੌਰ ਵਿੱਚ ਖਲਨਾਇਕ ਬੁਰਾ ਹੁੰਦਾ ਸੀ, ਪਰ ਉਸ ਦੇ ਆਪਣੇ ਆਦਰਸ਼ ਹੁੰਦੇ ਸਨ। ਪ੍ਰਾਣ ਸਾਹਿਬ ਦੇ ਕਿਸੇ ਵੀ ਖਲਨਾਇਕ ਕਿਰਦਾਰ ਵਿੱਚ ਕਦੇ ਕਮੀਨਾਪਣ ਨਹੀਂ ਦਿਸਿਆ, ਪਰ ਹੌਲੀ-ਹੌਲੀ ਖਲਨਾਇਕਾਂ ਵਿੱਚ ਕਮੀਨਾਪਣ ਦਿਖਾਇਆ ਜਾਣ ਲੱਗਾ। ਖਲਨਾਇਕ ਬਹੁਤ ਨਿਰਦਈ ਹੋਣ ਲੱਗਾ ਅਤੇ ਨਿਰਮਾਤਾ ਉਸ ਤੋਂ ਹਰ ਉਹ ਘਿਨੌਣਾ ਕੰਮ ਕਰਵਾਉਣ ਲੱਗੇ, ਜਿਸ ਤੋਂ ਦਰਸ਼ਕਾਂ ਨੂੰ ਉਨ੍ਹਾਂ ਨਾਲ ਨਫਰਤ ਹੋ ਜਾਏ। ਇਹ ਦੇਖ ਕੇ ਮੈਨੂੰ ਕਈ ਫਿਲਮਾਂ ਛੱਡਣੀਆਂ ਪਈਆਂ। ਅੱਜਕੱਲ੍ਹ ਨਵੀਂ ਤਰ੍ਹਾਂ ਦਾ ਖਲਨਾਇਕ ਦਿਖਾਇਆ ਜਾਂਦਾ ਹੈ, ਉਸ ਵਿੱਚ ਖਾਸ ਕਿਸਮ ਦੀ ਸਾਦਗੀ ਹੁੰਦੀ ਹੈ। ਖਲਨਾਇਕ, ਗ੍ਰੇਅ ਕਿਰਦਾਰ ਵਿੱਚ ਬਦਲ ਗਏ ਹਨ। ਹੀਰੋ ਵੀ ਖਲਨਾਇਕਾਂ ਦਾ ਕਿਰਦਾਰ ਨਿਭਾਉਣਾ ਪਸੰਦ ਕਰਦੇ ਹਨ।’’ ਮੁਕੇਸ਼ ਆਉਣ ਵਾਲੇ ਦਿਨਾਂ ਵਿੱਚ ਪੰਜਾਬੀ ਫਿਲਮ ‘ਨਾਨਕ ਨਾਮ ਜਹਾਜ਼ ਹੈ’ ਵਿੱਚ ਨਜ਼ਰ ਆਉਣਗੇ।

## ‘ਹਾਈਵੇ’ ਦੇ ਸੈੱਟ ਉੱਤੇ ਆਪਣੀ ਹਾਲਤ ਦੇਖ ਕੇ ਰੋ ਪਏ ਸਨ ਰਣਦੀਪ



*ਰਣਦੀਪ ਹੁੱਡਾ ਉਨ੍ਹਾਂ ਕਲਾਕਾਰਾਂ ਵਿੱਚੋਂ ਹਨ, ਜੋ ਕਿਰਦਾਰ ਵਿੱਚ ਖੁਦ ਨੂੰ ਢਾਲਣ ਵਿੱਚ ਕੋਈ ਕਸਰ ਨਹੀਂ ਛੱਡਦੇ। ‘ਸਰਬਜੀਤ’ ਅਤੇ ‘ਹਾਈਵੇ’ ਵਰਗੀਆਂ ਫਿਲਮਾਂ ਵਿੱਚ ਉਨ੍ਹਾਂ ਦੇ ਕਿਰਦਾਰ ਦੇ ਪ੍ਰਤੀ ਉਨ੍ਹਾਂ ਦਾ ਸਮਰਪਣ ਆਸਾਨੀ ਨਾਲ ਦੇਖਿਆ ਜਾ ਸਕਦਾ ਹੈ। ਡਾਇਰੈਕਟਰ ਇਮਤਿਆਜ਼ ਅਲੀ ਨਾਲ ਇੰਸਟਾਗ੍ਰਾਮ ਲਾਈਵ 'ਤੇ ਗੱਲਬਾਤ ਦੇ ਦੌਰਾਨ ਉਨ੍ਹਾਂ ਨੇ ਫਿਲਮ ‘ਹਾਈਵੇ' ਦੀ ਸ਼ੂਟਿੰਗ ਦੇ ਕੁਝ ਯਾਦਗਾਰ ਕਿੱਸੇ ਸਾਂਝੇ ਕੀਤੇ। ਉਨ੍ਹਾਂ ਨੇ ਦੱਸਿਆ ਕਿ ਟਰੱਕ ਡਰਾਈਵਰ ਮਹਾਬੀਰ ਭਾਟੀ ਦਾ ਕਿਰਦਾਰ ਨਿਭਾਉਣ ਲਈ ਉਨ੍ਹਾਂ ਨੇ ਖੁਦ ਟਰੱਕ ਚਲਾਇਆ ਤਾਂ ਕਿ ਉਹ ਟਰੱਕ ਡਰਾਈਵਰ ਦੇ ਅਨੁਭਵ ਅਤੇ ਉਨ੍ਹਾਂ ਦੀ ਮਾਨਸਿਕਤਾ ਨੂੰ ਜਾਣ ਸਕਣ। ਸ਼ੂਟਿੰਗ ਦੇ ਦੌਰਾਨ ਸੈੱਟ 'ਤੇ ਉਹ ਆਪਣੇ ਕਾਸਟਿਊਮ ਵਿੱਚ ਹੀ ਰਹਿੰਦੇ ਸਨ। ਅਸਲੀਅਤ ਲਿਆਉਣ ਲਈ ਉਹ ਜਲਦੀ ਆਪਣਾ ਮੂੰਹ ਵੀ ਨਹੀਂ ਧੋਂਦੇ ਸਨ। ਉਨ੍ਹਾਂ ਦੇ ਸਰੀਰ ਤੋਂ ਕਿਸੇ ਨੂੰ ਬਦਬੂ ਨਾ ਆਏ, ਇਸ ਲਈ ਆਪਣੇ ਆਸਪਾਸ ਉਹ ਲੋਕਾਂ ਨੂੰ ਆਉਣ ਵੀ ਨਹੀਂ ਦਿੰਦੇ ਸਨ। ਇੱਕ ਵਾਰ ਸੈੱਟ 'ਤੇ ਆਪਣੇ ਦੋਸਤ ਦੇ ਨਾਲ ਗੱਲਬਾਤ ਦੇ ਦੌਰਾਨ ਆਪਣੀ ਹਾਲਤ ਦੇਖ ਕੇ ਉਹ ਰੋਣ ਲੱਗੇ ਸਨ। ਫਿਰ ਡਾਇਰੈਕਟਰ ਇਮਤਿਆਜ਼ ਅਲੀ ਨੇ ਉਨ੍ਹਾਂ ਨੂੰ ਦਿਲਾਸਾ ਦਿੱਤਾ ਅਤੇ ਫਿਲਮ ਪ੍ਰਤੀ ਸਮਰਪਣ ਲਈ ਉਨ੍ਹਾਂ ਦਾ ਸ਼ੁਕਰੀਆ ਅਦਾ ਕੀਤਾ। ਲਾਈਵ ਵਿੱਚ ਇਮਤਿਆਜ਼ ਅਲੀ ਅਤੇ ਰਣਦੀਪ ਨੇ ਪ੍ਰਸ਼ੰਸਕਾਂ ਦੇ ਲਈ ਫਿਲਮ ‘ਹਾਈਵੇ’ ਅਤੇ ‘ਲਵ ਆਜ ਕੱਲ੍ਹ’ ਦੀ ਸਕ੍ਰਿਪਟ ਵੀ ਪੜ੍ਹੀ।*

## ‘ਗੁਲਾਬੋ ਸਿਤਾਬੋ’ ਦੇ ਸੈੱਟ ’ਤੇ ਪਹਿਲੀ ਵਾਰ ਅਮਿਤਾਭ ਨੂੰ ਦੇਖ ਕੇ ਹੈਰਾਨ ਰਹਿ ਗਈ ਫਾਰੂਖ ਜ਼ਫਰ



ਅਮਿਤਾਭ ਬੱਚਨ ਆਪਣੇ ਕਿਰਦਾਰਾਂ ਨੂੰ ਇੰਨੀ ਬਰੀਕੀ ਨਾਲ ਨਿਭਾਉਂਦੇ ਹਨ ਕਿ ਕਦੇ-ਕਦੇ ਉਨ੍ਹਾਂ ਨੂੰ ਦੇਖ ਕੇ ਉਨ੍ਹਾਂ ਦੇ ਪ੍ਰਸ਼ੰਸਕਾਂ ਨਾਲ ਉਨ੍ਹਾਂ ਦੇ ਸਹਿਯੋਗੀ ਕਲਾਕਾਰਾਂ ਨੂੰ ਵੀ ਹੈਰਾਨੀ ਹੁੰਦੀ ਹੈ। ਫਿਲਮ ‘ਗੁਲਾ-ਬੋ ਸਿਤਾਬੋ’ ਵਿੱਚ ਬੇਗ਼ਮ ਦਾ ਕਿਰਦਾਰ ਕਰਨ ਵਾਲੀ ਫਾਰੂਖ ਜ਼ਫਰ ਵੀ ਉਨ੍ਹਾਂ ਦੇ ਪ੍ਰਸ਼ੰਸਕਾਂ ਵਿੱਚ ਸ਼ਾਮਲ ਹਨ, ਪਰ ‘ਗੁਲਾਬੋ ਸਿਤਾ-ਬੋ’ ਦੇ ਸੈੱਟ 'ਤੇ ਅਮਿਤਾਭ ਨੂੰ ਮਿਰਜ਼ਾ ਦੇ ਕਿਰਦਾਰ ਵਿੱਚ ਦੇਖਣ ਦੇ ਬਾਅਦ ਉਨ੍ਹਾਂ ਨੂੰ ਆਪਣੀ ਪਸੰਦ 'ਤੇ ਹੈਰਾਨੀ ਹੋਈ। ਉਨ੍ਹਾਂ ਨੇ ਦੱਸਿਆ ਕਿ ਬਚਪਨ ਵਿੱਚ ਫਿਲਮਾਂ ਬਾਰੇ ਜਾਨਣ ਪਿੱਛੋਂ ਉਹ ਦਲੀਪ ਕੁਮਾਰ ਦੀ ਪ੍ਰਸ਼ੰਸਕਾ ਸੀ, ਪਰ ਫਿਲਮ ‘ਸਿਲਸਿਲਾ' ਵਿੱਚ ਅਮਿਤਾਭ ਬੱਚਨ ਨੂੰ ਦੇਖਣ ਦੇ ਬਾਅਦ ਉਹ ਉਨ੍ਹਾਂ ਦੀ ਪ੍ਰਸ਼ੰਸਕ ਬਣ ਗਈ। ਬਿਗ ਬੀ ਦੀ ਰੋਮਾਂਟਿਕ ਹੀਰੋ ਵਾਲਾ ਅਕਸ ਉਨ੍ਹਾਂ ਦੀਆਂ ਅੱਖਾਂ ਵਿੱਚ ਵੱਸ ਗਿਆ। ਇਸ ਫਿਲਮ ਨੂੰ ਸਵੀਕਾਰ ਕਰਨ ਪਿੱਛੇ ਵੀ ਇਹੀ ਕਾਰਨ ਸੀ ਕਿ ਉਨ੍ਹਾਂ ਨੂੰ ਆਪਣੇ ਪਸੰਦੀਦਾ ਰੋਮਾਂਟਿਕ ਹੀਰੋ ਦੇ ਨਾਲ ਕੰਮ ਕਰਨ ਦਾ ਮੌਕਾ ਮਿਲ ਰਿਹਾ ਸੀ, ਪਰ ਫਿਲਮ ਦੇ ਸੈੱਟ 'ਤੇ ਪਹੁੰਚਣ ਪਿੱਛੋਂ ਉਨ੍ਹਾਂ ਨੂੰ ਕਾਫੀ ਨਿਰਾਸ਼ਾ ਹੱਥ ਲੱਗੀ, ਕਿਉਂਕਿ ਉਨ੍ਹਾਂ ਅੱਗੇ ਰੋਮਾਂਟਿਕ ਅਮਿਤਾਭ ਦੀ ਜਗ੍ਹਾ ਮੋਟੀ ਭੱਦੀ ਨੱਕ ਤੇ ਪੁਰਾਣਾ ਕੁੜਤਾ-ਪਜਾਮਾ ਪਹਿਨੇ ਹੋਏ ਮਿਰਜ਼ਾ ਦੇ ਕਿਰਦਾਰ ਵਿੱਚ ਅਮਿਤਾਭ ਖੜ੍ਹੇ ਸਨ। ਉਨ੍ਹਾਂ ਨੂੰ ਆਪਣੀ ਪਸੰਦ 'ਤੇ ਹੈਰਾਨੀ ਹੋਈ। ਫਿਲਮ ਦੀ ਸ਼ੂਟਿੰਗ ਦੇ ਬਾਅਦ ਫਾਰੂਖ ਆਪਣੇ ਪਸੰਦੀਦਾ ਕਲਾਕਾਰ ਅਮਿਤਾਬ ਦੇ ਨਾਲ ਕੁਝ ਪਲ ਗਪਸ਼ਪ ਕਰਨਾ ਚਾਹੁੰਦੀ ਸੀ, ਪਰ ਉਨ੍ਹਾਂ ਨੂੰ ਪਤਾ ਹੀ ਨਹੀਂ ਚੱਲਦਾ ਕਿ ਸ਼ੂਟਿੰਗ ਖਤਮ ਹੋਣ ਦੇ ਬਾਅਦ ਅਮਿਤਾਭ ਕਿੱਥੇ ਚਲੇ ਜਾਂਦੇ ਸਨ। ਇਸ ਲਈ ਆਪਣੇ ਪਸੰਦੀਦਾ ਅਭਿਨੇਤਾ ਨਾਲ ਗਪਸ਼ਪ ਕਰਨ ਦੀ ਉਨ੍ਹਾਂ ਦੀ ਤਮੰਨਾ ਅਧੂਰੀ ਰਹਿ ਗਈ। ਸ਼ੁਜੀਤ ਸਰਕਾਰ ਦੇ ਨਿਰਦੇਸ਼ਨ ਵਾਲੀ ‘ਗੁਲਾਬੋ ਸਿਤਾਬੋ' ਵਿੱਚ ਅਮਿਤਾਭ ਦੇ ਨਾਲ ਆਯੁਸ਼ਮਾਨ ਖੁਰਾਣਾ ਵੀ ਮੁੱਖ ਭੂਮਿਕਾ ਵਿੱਚ ਹਨ।

